# ਗ਼ਦਰ ਦੀ ਗੂੰਜ

## ਨੰ: ੨

## ਦੇਸ਼ ਭਗਤਾਂ ਦੀ ਬਾਣੀ



ਨੰ: ੧੯੧੬

ਗਦਰ ਪਾਰਟੀ ਪੁਸਤਕਾਂ ਦੀ ਲੜੀ

: ੫

ਐਡੀਟਰ ਹਿੰਦੋਸਤਾਨ ਗਦਰ ਪ੍ਰਬੰਧ ਨਾਲ ਹਿੰਦੋਸਤਾਨ ਗਦਰ.
ਪ੍ਰੈਸ ਸਾਨ ਫਰਾਂਸਿਸਕੋ, ਅਮਰੀਕਾ ਵਿਚੋਂ ਛਪਕੇ ਹਰ ਇਕ ਭਾਈ
ਕੋ ਮੁਫਤ ਭੇਜੀ ਜਾਂਦੀ ਹੈ. .... ਮਿਲਣੇ ਦਾ ਪਤਾ
THE EDITOR "HINDUSN GADAR" SAN FRANCISCO,
CALIF, U. S. A.
ਪੰਜਵੀਂ ਵਾਰ .................. ੧੧੦੦੦, ਪੁਸਤਕ

# ਬੰਦੇ ਮਾਤ੍ਰਮ

## ਤੁਮ ਕਿਸ ਕੇ ਪੂਤ ਕਹਾਤੇ ਹੋ! ਕਿਸ ਨਾਮ ਸੇ ਜਾਨੇ ਜਾਤੇ ਹੋ

| | |
|---|---|
| ਕਹਾਂ ਜਨਮ ਔਰ ਰਖਸ਼ਾ ਪਾਈ ਹੈ | ਕਹੋ ਕੌਣ ਤੁਮਾਰੀ ਮਾਈ ਹੈ |
| ਏਹ ਕੈਸੀ ਗਫਲਤ ਛਾਈ ਹੈ | ਮਾਤਾ ਸੇ ਜਾਨ ਚੁਰਾਤੇ ਹੋ ਤੁਮ,, |
| ਯਾ ਹਿੰਦੂ ਹੋ ਯਾ ਮੁਸਲਮਾਨ | ਯਾ ਰਖਤੇ ਹੋ ਦੀਗਰ ਈਮਾਨ |
| ਯਾ ਮੁਫਲਸ ਹੋ ਯਾ ਸੁਲਤਾਨ | ਜਗੱ ਮੇਂ ਹਿੰਦੀ ਕਹਾਤੇ ਹੋ ਤੁਮ,, |
| ਗੋਰੋਂ ਸੇ ਬੋਹੁਤ ਨਿਮਰਤਾਈ | ਭਾਈਓਂ ਸੇ ਹੋ ਗੁਮਰਾਹੀ |
| ਏਹ ਸਜ਼ਾ ਖੁਸ਼ਾਮਦ ਕੀ ਪਾਈ | ਤੁਮ ਕਿਸ ਕੇ ਪੂਤ ਕਹਾਤੇ ਹੋ ਤੁਮ,, |
| ਵੋਹ ਧੱਨ ਦੌਲਤ ਔਰ ਸ਼ਾਨ ਕਹਾਂ | ਵੋਹ ਬਹਾਦੁਰੀ ਔਰ ਗਿਆਨ ਕਹਾਂ |
| ਵੋਹ ਆਣ ਬਾਣ ਔਰ ਮਾਣ ਕਹਾਂ | ਜਗੱ ਦੇਖ ਨਹੀਂ ਸ਼ਰਮਾਤੇ ਹੋ ਤੁਮ,, |
| ਜੋ ਅੱਨ ਦਾਤਾ ਕਹਲਾਤੇ ਹੈਂ | ਵੋਹ ਅੱਨ ਤੁਮਰਾ ਖਾਤੇ ਹੈਂ |
| ਫਿਰ ਜੰਗਲੀ ਤੁਝੇ ਬਤਾਤੇ ਹੈਂ | ਤੁਮ ਗੈਰਤ ਕੁਛ ਨਹੀਂ ਖਾਤੇ ਹੋ, ਤੁਮ,, |
| ਜੂਤੇ ਕੀ ਠੋਕਰ ਦੇਤੇ ਹੈਂ | ਔਰ ਜਾਨ ਤੁਮਾਰੀ ਲੇਤੇ ਹੈਂ |
| ਕਹੀਂ ਅਬਲਾ ਭ੍ਰਿਸ਼ਟ ਕਰੇਤੇ ਹੈਂ | ਤੁਮ ਅੰਧੇ ਕਿਉਂ ਬਣ ਜਾਤੇ ਹੋ, ਤੁਮ,, |
| ਵੋਹ ਦੇਸ਼ ਤੁਮਾਰਾ ਲੂਟੇ ਹੈਂ | ਜੋ ਦੁਨੀਆਂ ਭਰ ਕੇ ਝੂਟੇ ਹੈਂ |
| ਕਿਆ ਹਾਥ ਤੁਮਾਰੇ ਟੂਟੇ ਹੈਂ | ਜੋ ਭੀਖ ਮਾਂਗਨੇ ਜਾਤੇ ਹੋ ਤੁਮ,, |
| ਜੋ ਬੀਰ ਭੂਮੀ ਕੈਹਲਾਈ ਹੈ | ਇਤਹਾਸ ਮੇਂ ਸਭ ਨੇ ਗਾਈ ਹੈ |
| ਭਾਰਤ ਵੋਹ ਤੁਮਾਰੀ ਮਾਈ ਹੈ | ਤੁਮ ਪੂਤ ਕਪੂਤ ਕੈਹਲਾਤੇ ਹੋ ਤੁਮ,, |
| ਇਸ ਜੀਨੇ ਸੇ ਤੋ ਮਰ ਜਾਓ | ਦੁਨੀਆਂ ਕੋ ਮੂੰਹ ਮਤ ਦਖਲਾਓ |
| ਪਕੜੋ ਹਿਮਤ ਕੁਛ ਕਰ ਜਾਓ | ਤੁਮ ਭਾਰਤ ਪੂਤ ਕੈਹਲਾਤੇ ਹੋ ਤੁਮ,, |
| ਤੁਮ ਭੂਲ ਗਏ ਹੋ ਅਪਨੇ ਕੋ | ਜਾਗੋ ਛੋੜੋ ਇਸ ਸੁਫਨੇ ਕੋ |
| ਬੰਦੇ ਮਾਤ੍ਰਮ ਕੋ ਗਾਨੇ ਕੋ | ਦੇਖੋ ਫਿਰ ਜੈ ਕੋ ਪਾਤੇ ਹੋ ਤੁਮ,, |
| ਜ਼ਹਰੀਲੇ ਕਾਲੇ ਬਣ ਜਾਓ | ਔਰ ਇਨ ਗੋਰੋਂ ਕੋ ਡਸ ਖਾਓ |
| ਕਾਲਾ ਪਨ ਅਪਨਾ ਦਖਲਾਓ | ਹੁਣ ਕਿਉਂ ਦੇਰ ਲਗਾਤੇ ਹੋ, |
| ਤੁਮ ਕਿਸ ਕੇ ਪੂਤ ਕਹਾਤੇ ਹੋ | ਕਿਸ ਨਾਮ ਸੇ ਜਾਨੇ ਜਾਤੇ ਹੋ, |

# ਭਾਰਤ ਮਾਤਾ ਦੀ ਪੁਕਾਰ

## ਪੈਂਤੀਸ ਅਖਰੀ

ੳ ਉੱਠ ਮਨਾ ਜ਼ਰਾ ਸੋਚ ਕਰੀਏ । ਕਾਹਨੂੰ ਪੈ ਰਿਹਾ ਲੰਮੀਆਂ ਤਾਨ ਕੇ ਤੂੰ "
ਜਿਸ ਦੀ ਰੱਤ ਥੀਂ ਜੰਮਿਆ ਜਾਯਾ ਤੂੰ ਕੀਤੀ ਭੁੱਲ ਬੈਠਾ ਕਿਸ ਗੁਮਾਨ ਤੇ ਤੂੰ "
ਜਿਸ ਨੇ ਪਾਲ ਕੇ ਔਡ ਜਵਾਨ ਕੀਤਾ ਮੌਜਾਂ ਮਾਣੀਆਂ ਜਿਸ ਦੀ ਜਾਨ ਤੇ ਤੂੰ "
ਰੋਵੇ ਭਾਰਤ ਮਾਤਾ ਬੁਰੇ ਹਾਲ ਅੰਦਰ ਅੱਖੀਂ ਮੀਟਦਾ ਕਿਉਂ ਹੁਣ ਪਛਾਨ ਕੇ ਤੂੰ "
ਅ ਆ ਗਿਆ ਈ ਹੁਣ ਵਕਤ ਸਿਰ ਤੇ । ਜਿਸ ਵਕਤ ਖਾਤ੍ਰ ਤੈਨੂੰ ਪਾਲਿਆ ਸੂ "
ਹੁਣ ਪੁੱਛਣਾਂ ਈ ਇਮਤਿਹਾਨ ਤੇਰਾ । ਭਾਰਤ ਮਾਤ ਜੋ ਸਬਕ ਸਿਖਾਲਿਆ ਸੂ "
ਕੀਤਾ ਯਾਦ ਨਾਂ ਹੁਣ ਪਏ ਝੂਰਦੇ ਹਾਂ । ਐਵੇਂ ਖੇਡ ਕੇ ਵਕਤ ਗਵਾਲਿਆ ਸੂ "
ਮਾਤਾ ਕੂਕਦੀ ਬਚੜਿਓ ਉੱਠ ਬੈਠੋ । ਤਾਹੀਂ ਬਚੋਗੇ ਜੇ ਸਬਕ ਪਕਾਲਿਆ ਸੂ "
ੲ ਇੱਕ ਭੀ ਨਹੀਂ ਮੇਰੀ ਗੱਲ ਮੰਨੀ । ਬਾਰ ਬਾਰ ਕੈਹ ਕੇ ਸਮਝਾਇਆ ਮੈਂ "
ਏਸ ਲਈ ੧੮੫੭ ਸੱਤਵੰਜਾ ਦਾ ਗਦ੍ਰ ਕੀਤਾ ਸ਼ੇਰੋ ਸੁੱਤਿਓ ਤੁਸਾਂ ਜਗਾਇਆ ਮੈਂ "
ਵੇਲਾ ਖੁੰਝ ਗਏ ਉਨੀ ਸੌ ਸਤ ਵਾਰ ਭਾਵੇਂ ਕੂਕ ਕੇ ਬੋਹ ਰੌਲਾ ਪਾਇਆ ਮੈਂ "
ਵੀਰੋ ਆਯਾ ੧੯੧੭ ਸਤਾਰਾਂ ਨਾਂ ਜਾਵੇ ਖਾਲੀ । ਮਾਤਾ ਆਖਰੀ ਵਾਸਤਾ ਪਾਇਆ ਮੈਂ "
ਸ ਸਖਤ ਤੇ ਸਖਤ ਅਜ਼ਾਬ ਝੱਲੇ । ਦੁਖਾਂ ਵਿੱਚ ਮੈਂ ਤੁਸਾਂ ਨੂੰ ਪਾਲਿਆ ਈ "
ਸਿਦਕ ਖਾ ਗਏ ਖੇਤ ਚਰੂੰਡ ਮੇਰਾ । ਰਾਖੀ ਜਿਸ ਦੀ ਤੁਸਾਂ ਬਠਾਲਿਆ ਈ "
ਐਵੇਂ ਪੀ ਕੇ ਦੁੱਧ ਹਰਾਮ ਕੀਤਾ । ਨਾਮ ਵਡਿਆਂ ਦੇ ਤਾਈਂ ਗਾਲਿਆ ਈ "
ਮੇਰੇ ਬਚੜਿਓ ਆ ਲਵੋ ਸਾਰ ਮੇਰੀ ਮਾਤ ਰੋਇ ਕੇ ਨੀਰ ਬਹਾਲਿਆ ਈ "
ਹ ਹਾਲ ਹੋਇਆ ਮੇਰਾ ਅਤ ਭੈੜਾ । ਕਿਹਾ ਪਿਆ ਬਦ ਤੁਖਮ ਥੀਂ ਵਾਹ ਮੈਨੂੰ "
ਕੁਛੜ ਬੈਠ ਫਰੰਗ ਨੇ ਦਗਾ ਕੀਤਾ ਮਾਰੀ ਛੁਰੀ ਸੀਨੇ ਕੀਤਾ ਘਾਹ ਮੈਨੂੰ "
ਮੇਰੇ ਲਾਡਲੇ ਪਾੜ ਬਰਬਾਦ ਕੀਤੇ । ਲਗਾ ਜਿਗ੍ਰ ਜੁਦਾਈ ਦਾ ਦਾਹ ਮੈਨੂੰ "
ਹਥਾਂ ਬਾਝ ਕਰਾਰਿਆਂ ਕਹੇ ਮਾਤਾ । ਮੁਸ਼ਕਲ ਆਵਸੀ ਸੁਖਾਂਦਾ ਸਾਹ ਮੈਨੂੰ "
ਕ ਕਹਿਰ ਕੀਤਾ ਏਨਾਂ ਜ਼ਾਲਮਾਂ ਨੇ । ਲਿਆ ਲੁੱਟ ਮੈਨੂੰ ਕੁਝ ਛਡਿਆ ਨਾਂ "
ਮੂੰਹ ਬੰਦ ਕੀਤਾ ਮੇਰਾ ਬੋਲਣੇ ਤੇ । ਗੁੜ੍ਹੀ ਮਾਰ ਮਾਰੀ ਲਹੂ ਕਢਿਆ ਨਾਂ "
ਫੜ ਕੇ ਛੁਰੀ ਜ਼ਾਲਮ ਛਾਤੀ ਆ ਬੈਠਾ ਬਿਸਮਿਲ ਨੀਮ ਕੀਤੀ ਗਲੋਂ ਵਢਿਆ ਨਾਂ
ਲੱਖ ਲੱਖ ਵਾਰੀ ਮਾਤ ਕੂਕ ਚੁੱਕੀ । ਏਹ ਫਰੰਗ ਪਾਪੀ ਪਿਛ ਛਡਿਆ ਨਾਂ
ਖ, ਖਬ੍ਰ ਨਹੀਂ ਕੀ ਭਾਈ ਰਬ ਤਾਈਂ । ਸੁਤੇ ਪੁਤ੍ਰ ਨੀਂਦ ਪਿਛ ਛਡਿਆ ਨਾਂ "

ਕਰੇ ਬੋਹਤ ਤ੍ਰਲੇ ਮਿਨਤਾਂ ਕੀਤੀਆਂ ਮੈਂ ਪਿਆ ਮੂੰਹ ਪਾਣੀ ਤਾਂ ਭੀ ਕਢਿਆ ਨਾਂ "
ਰੂਹ ਤਾਂ ਆਖਰੀ ਲਬਾਂ ਪ੍ਰ ਸਾਸ ਆਇਆ ਚੁੱਪ ਰਹੇ ਮੇਰਾ ਦਿਲ ਦੁਖਿਆ ਨਾਂ "
ਮੇਰੇ ਬਚੜਿਓ ਮਰੀ ਕੇ ਮਰੀ ਮਾਤਾ ਜੇ ਫਰੰਗ ਡਾਕੂ ਘਰੋਂ ਕਢਿਆ ਨਾਂ "
ਗ: ਗਜ਼ਬ ਕੀਤਾ ਇਸ ਫਰੰਗ ਜ਼ਾਲਮ ਮੇਰਾ ਮਾਲ ਬੇਕੀਮਤੀ ਲੁੱਟ ਲਿਆ "
ਜਿਸਦੀ ਚਮਕ ਸੀ ਵਿੱਚ ਜਹਾਨ ਸਾਰੇ ਸੂਰਜ ਪਕੜ ਅਕਾਸ਼ ਥੀਂ ਸੁੱਟ ਲਿਆ "
ਸੁਤਾ ਦੇਖ ਭਾਰਤ, ਗਿਦੜਾਂ ਬਾਂਦਰਾਂ ਨੇ ਮਾਰਨ ਲਈ ਜਬੇ ਪੈਰੋਂ ਜੁੱਟ ਲਿਆ "
ਪਾਸ ਪੁਤਰ ਦੇ ਨਹੀਂ ਸੁਤੇ ਸ਼ੇਰ ਮੇਰੇ ਮਾਤ ਕਹੇ ਮੇਰਾ ਗਲ ਘੁੱਟ ਲਿਆ "
ਘ ਘਰੋਂ ਬਾਹਰੋਂ ਧੱਕੇ ਵਜਦੇ ਨੇ ਮੇਰੇ ਸਮਝਦੇ ਪੁਤ ਨਦਾਨ ਕਿਉਂ ਨਹੀਂ "
ਫਿਰਨ ਦੇਸ਼ ਪ੍ਰਦੇਸ਼ ਖੁਆਰ ਹੁੰਦੇ " ਇਜ਼ਤ ਆਪਣੀ ਦਾ ਕਰਨ ਧਿਆਨ ਕਿਉਂ ਨਹੀਂ
ਧਕੇ ਪੈਣ ਤੇ ਤੁਰਨ ਨਾਂ ਕੀਨ ਕੁਸਕਨ । ਓ! ਬੇਗੈਰਤ ਮਰਨ ਮਹਾਨ ਕਿਉਂ ਨਹੀਂ
ਉਤੇ ਜਿਨਾਂ ਦੇ ਸੀ ਬੋਹਤ ਮਾਣ ਮੇਰਾ । ਮਾਤ ਕਹੇ ਅੱਜ ਮੇਰੀ ਪਛਾਣ ਕਿਉਂ ਨਹੀਂ
ਙ, ਰੋਂਦੀ ਫਿਰਦੀ ਭਾਬੜ ਮਾਰਦੀ ਏ । ਆਹ! ਕਿਵੇਂ ਹੋਇਆ ਮੰਦਾ ਹਾਲ ਮੇਰਾ "
ਕੋਈ ਨਹੀਂ ਦਰਦੀ ਲਵੇ ਸਾਰ ਮੇਰੀ । ਨੇੜੇ ਆ ਗਿਆ ਏਹ ਇਤਕਾਲ ਮੇਰਾ "
ਪਾਪਣ ਅੱਗ ਗੁਲਾਮੀ ਦੀ ਝੁਲਸ ਦਿਤਾ ਚੇਹਰਾ ਦਮਕਦਾ ਸੀ ਲਾਲੋ ਲਾਲ ਮੇਰਾ
ਕਿਵੇਂ ਬਚਾਂਗੀ ਰੋਇਕੇ ਕਹੇ ਮਾਤਾ । ਪਿਛ ਛਡਦਾ ਨਹੀਂ ਚੰਡਾਲ ਮੇਰਾ "
ਛ ਛਡਦਾ ਨਹੀਂ ਫਰੰਗ ਪਿਛਾ । ਮੈਂ ਤਾਂ ਵਾਸਤਾ ਰੱਬ ਦਾ ਪਾ ਥਕੀ "
ਕਰੇ ਦਾਦ ਨਾਂ ਸੁਣੇ ਫਰਯਾਦ ਪਾਪੀ । ਮੈਂ ਨਖਸਮੜੀ ਬੋਹਤ ਕੂਕਦਾ ਥਕੀ "
ਆਵੇ ਰੈਹਮ ਨਾਂ ਇਸ ਬਦਮਾਸ਼ ਤਾਈਂ ਰੋ ਰੋ ਹੰਝੂਆਂ ਨਦੀ ਵਹਾ ਥਕੀ "
ਦੇਵਾਂ ਦੋਸ਼ ਕਿਸੇ ਨੂੰ ਕੀ ਕਹੇ ਮਾਤ । ਸਮਝਣ ਪੁਤ ਨਾਂ ਬੋਹਤ ਸਮਝਾ ਥਕੀ
ਜ, ਜਿਸਮ ਸ਼ਕੰਜੇ ਦੇ ਵਿੱਚ ਆਇਆ । ਮੇਰੀ ਜਾਨ ਸ਼ੇਰੋ ਤਲਮਲੋਣ ਲਗੀ "
ਠੰਡੀ ਹਵਾ ਇਨਸਾਫ ਦੀ ਦੂਰ ਹੋਈ । ਜ਼ੁਲਮ ਤਪਸ਼ ਥੀਂ ਜਿੰਦ ਘਬਰੋਣ ਲਗੀ "
ਫਲੀ ਫੁਲੀ ਆਜ਼ਾਦੀ ਦੇ ਬਾਗ਼ ਅੰਦਰ ਬੇਲ ਜ਼ਿੰਦਗੀ ਦੀ ਕੁਮਲੋਣ ਲਗੀ
ਆਈ ਖਿਜ਼ਾਂ ਦੀ ਰੁਤ ਫਰੰਗ ਜ਼ਾਲਮ । ਭਾਰਤ ਵਰਸ਼ ਦੀ ਕਲੀ ਮੁਰਝੋਣ ਲਗੀ "
ਝ ਝੂਰਦੇ ਅੰਨ ਨੂੰ ਮਰਨ ਭੁਖੇ । ਲਖਾਂ ਮਣਾਂ ਅਨਾਜ ਕਮੋਣ ਵਾਲੇ "
ਪਾਟੇ ਕਪੜੇ ਲੀਰ ਕਚੀਰ ਪੈਹਿਨਣ । ਅਤਲਸ ਜ਼ਰੀ ਦੁਸ਼ਾਲੇ ਹੰਢੋਣ ਵਾਲੇ
ਜਮੀਂ ਸਿਕਰੀ ਬੁਲਾਂ ਤੇ ਜੀਭ ਫੇਰਨ । ਹੱਥ ਸ਼ੇਰ ਦੀ ਮੁੱਛੀਂ ਨੂੰ ਪੌਣ ਵਾਲੇ "
ਮਾਤ ਕਹੇ ਫਰੰਗ ਨੇ ਤੰਗ ਕੀਤੇ । ਮੇਰੇ ਸ਼ੇਰ ਅਜ਼ਾਦ ਕਹੋਣ ਵਾਲੇ "
ਞ ਵਾਂਗ ਇਵਾਣਿਆਂ ਪੁਤ ਮੇਰੇ । ਕੇਹੜੀ ਗਲ ਤੇ ਵਾਸਤੇ ਪੈਣ ਲਗੇ "

ਦੇਖੋ ਕੇਹਾ ਜ਼ਮਾਨੇ ਦਾ ਤੌਰ ਫਿਰਿਆ" ਸ਼ੇਰ ਕੁੱਤਿਆਂ ਤੋਂ ਡਰ ਖਾਣ ਲੱਗੇ"
ਭੈੜੀ ਸੰਗਤੇ ਬੈਠ ਬਦਨਾਮ ਹੋਏ । ਸ਼ੇਰ ਨਸਲ ਤਾਂਈ ਦਾਗ ਲਾਣ ਲੱਗੇ"
ਜੋਇਨ ਭਿੜੀ ਸੀ ਆਖਦਾ ਜੱਗ ਸਾਰਾ ਮੇਰੇ ਲਾਲ ਕਿਓਂ ਰਾਗ ਗਾਣ ਲੱਗੇ"
ਟ ਟੈਹਿਕਦੇ ਸੀ ਮੇਰੇ ਬਾਗ ਅੰਦਰ । ਸੇਬ ਤੂਤ ਸ਼ਹਤੂਤ ਅਨਾਰ ਇਕ ਦਿਨ
ਫੁੱਲ ਮੋਤੀਆ ਚੰਬੇ ਗੁਲਾਬ ਗੇਂਦੇ ਚੜ੍ਹਿਆ ਇਸ਼ਕ ਪੇਚਾ ਪੇਚ ਮਾਰ ਇਕ ਦਿਨ
ਸਰੂ ਅਤੇ ਸ਼ਮਸ਼ਾਦ ਅਸਮਾਨ ਛੂਹੇ । ਜਾਂਹੀ ਕੁਦਰਤੀ ਬਣੇ ਮੁਨਾਰ ਇਕ ਦਿਨ
ਰੋਂਦੇ ਮਾਤ ਅਕੀ ਫਕੀ ਜ਼ੋਰ ਪਾਇਆ । ਮੌਹਕਣ ਬੇਲ ਬੂਟੇ ਖੁਸ਼ਬੂਦਾਰ ਇਕ ਦਿਨ
ਠ ਠੋਕਰਾਂ ਖਾਂਦਿਆਂ ਡੇਰ ਹੋਈ । ਹੋਈਆਂ ਬਾਵਰੀ ਅਤੇ ਦੀਵਾਨੀਆਂ ਮੈਂ
ਨੇਜ਼ੇ ਮਾਰ ਜ਼ਾਲਮ ਛਲਨੀ ਚੂਰ ਕੀਤੀ । ਦੱਸਾਂ ਕਿਸ ਨੂੰ ਜ਼ਖਮ ਨਸ਼ਾਨੀਆਂ ਮੈਂ"
ਮੇਰੇ ਜਿਗਰ ਵਿਚੋਂ ਡਾਢੇ ਹੌਲ ਉਠੇ । ਦੱਸਾਂ ਕਿਸ ਨੂੰ ਭੁਲ ਹੈਰਾਨੀਆਂ ਮੈਂ"
ਕਾਹਨੂੰ ਪਾਕ ਸੁਤੇ ਮੇਰੇ ਸ਼ੇਰ ਪੁਤ੍ਰ । ਮਾਤ ਕੂੰਜ ਵਾਂਗੂੰ ਕੁਰਲਾਨੀਆਂ ਮੈਂ"
ਡ. ਡਰਦਿਆਂ ਦੀ ਟੱਟੀ ਛੋੜੇ ਹੋਂਦੇ । ਸ਼ੇਰੋ ਨਾਮ ਤਾਂਈ ਲਾਂਦੇ ਦਾਗ ਕਾਹਨੂੰ"
ਡਰਦੇ ਪਾਪੀਆਂ ਤੋਂ ਜੇਕਰ ਛਟਕਣੇ ਨਾਂ ਦੀਦਾਰ ਕੌਣ ਹੈ ਬਾਜ ਕਾਹਨੂੰ"
ਸ਼ਕਲ ਮੌਤ ਦੀ ਵੇਖ ਕੇ ਪਏ ਡਰਦੇ । ਰੋਲਾ ਪਾਂਵਦੇ ਹੋ ਲੈਣ ਰਾਜ ਕਾਹਨੂੰ"
ਤੁਸਾਂ ਲਈ ਮਾਤਾ ਜਿੰਦ ਮਾਤ ਹੋਈ । ਸ਼ੇਰੋ ਤੁਸੀਂ ਹੋਏ ਬੇ ਮੁਤਾਜ ਕਾਹਨੂੰ"
ਢ; ਢਾਕ ਟੁੱਟੀ ਮੇਰੀ ਏਨੀਂ ਗਲੀ । ਕੁੜੇ ਪਖਾਹ ਭੁਲੀ ਕੁਝ ਵਿਚਾਰਿਆ ਨਾ"
ਰੋਂਦੇ ਦੇਖ ਲਾਇਆ ਗਲ ਗੀਗਿਆਂ ਨੂੰ । ਸਪੱਸ਼ਟ ਆਖਾ ਜੋਨੇਂ ਮਾਰਿਆ ਨਾ"
ਕਾਹਨੂੰ ਤੁਸਾਂ ਕੀਤਾ ਉਤੇ ਦੁਸ਼ਮਣਾਂ ਦੇ । ਰਾਜਨੀਤ ਦੀ ਰੀਤ ਨੂੰ ਧਾਰਿਆ ਨਾਂ"
ਤਾਂਹੀ ਅੰਤ ਬੁੜ੍ਹਾਪੇ ਵਿਚੋਂ ਪੈਣ ਧੱਕੇ । ਮਾਤ ਵਕਤ ਸਿਰ ਵਕਤ ਉਤਾਰਿਆ ਨਾਂ
ਣ. ਅਣਗਿਣਤ ਮੁਸੀਬਤਾਂ ਪੇਸ਼ ਪਈਆਂ ਦੁਖਾਂ ਵਿਚੋਂ ਹੀ ਸੈਂਕੜੇ ਸਾਲ ਹੋ ਗਏ"
ਦਰਦੋਂ ਤੇ ਜ਼ੁਲਮ ਹਨੇਰੀ ਦੇ ਵੇਗ ਝੁਲੇ । ਲਖਾਂ ਸ਼ੇਰ ਮੇਰੇ ਬੇ ਮਜਾਲ ਹੋ ਗਏ"
ਜਿਉਂ ਜਿਉਂ ਮਾਤ ਨੇ ਸੀਸ ਦੀ ਭੇਟ ਮੰਗੀ । ਕੁਰਬਾਨ ਮੇਰੇ ਲਖਾਂ ਲਾਲ ਹੋ ਗਏ"
ਹੋਕੇ ਅਜਲ ਦੀ ਨਸਲ ਤੋਂ ਸ਼ੇਰ ਮਰਦੇ । ਦੁਖੀ ਦੇਖ ਮਾਤਾ ਕਿਸ ਖਿਆਲ ਹੋ ਗਏ
ਤ. ਤੁਲਿਆਂ ਤੇ ਕਾਹਨੂੰ ਜ਼ੋਰ ਪਾਇਆ । ਮੇਰੀ ਕੁਖੋਂ ਤੇ ਜੰਮ ਕੇ ਸ਼ੀਰ ਸ਼ੇਰੋ"
ਜੇਕਰ ਤੁਸੀਂ ਸ਼ੇਰਾਂ ਵਾਲੇ ਕੰਮ ਛੱਡੇ । ਤਾਂਹੀ ਅਜੇ ਹੋ ਰਹੇ ਦਲਗੀਰ ਸ਼ੇਰੋ"
ਅਜੇ ਹਈ ਵੇਲਾ ਸੰਭਲ ਜਾਂਦੇ ਨੇ ਦਾ । ਕਰੋ ਭਾਰਤੋਂ ਛੜ ਜਲਦ ਸ਼ਮਸ਼ੀਰ ਸ਼ੇਰੋ
ਮਾਤਾ ਕਹੇ ਕਰਦੇ ਜਲਦ ਗੀਗਿਆਂ ਨੂੰ । ਇਸੇ ਆਖਰੀ ਏਹੋ ਤਦਬੀਰ ਸ਼ੇਰੋ"
ਥ. ਥੁਕੱ ਕੇ ਹਥਾਂ ਤੇ ਚਟ ਜਾਂਦੇ । ਏਹ ਬੇਸ਼ਰਮ ਫਰੰਗ ਮਕਾਰ ਭਾਰਾ"

ਇਹ ਖੇਡਦਾ ਨਾਲ ਪਿਆਰ ਪੈਂਹਜੇ ' ਮੈਂਕਾ ਦੇਖ ਕੀਤ ਘਲੂ ਘਾਰ ਭਾਰਾ "
ਗੁਸ਼ੀ ਸ਼ੂਰੀ ਜ਼ਾਲਮ ਜੜ੍ਹਾਂ ਕਟੀਆਂ ਸੇ ' ਜ਼ਾਹਰਾ ਇਹ ਬਹਿਆਂ ਦਿਲ ਦਾ ਭਾਰਾ
ਜ਼ਿਸ ਦੇ ਰਾਜ ਅੰਦਰ ਮੌਜਾਂ ਮਾਣਦਾ ਸੀ ' ਮਾਤ ਭੁਲ ਬੈਠਾ ਦਰਗਾਹ ਭਾਰਾ "
ਦ, ਦੁਖ ਤੇ ਦੁਖ ਹਜ਼ਾਰ ਪੈ ਗਏ ' ਮੇਰੀ ਸੋਚੋਂ ਇਹ ਅਕਲ ਹੈਰਾਨ ਹੋ ਗਈ
ਪਾਕੇ ਤੇਰ ਫਰੰਗ ਨੇ ਬੈਰ ਕੀਤੀ ' ਖੜੀ ਪੜ੍ਹਦੀ ਪੜ੍ਹਜ ਬਾਨ ਹੋ ਗਈ
ਸ਼ੂਰੀ ਜ਼ੁਲਮ ਦੀ ਮਾਰ ਬਦ ਹਾਲ ਕੀਤੀ ਮੇਰੇ ਜ਼ਿਸਮ ਦੀ ਮਧਮ ਸ਼ਾਨ ਹੋ ਗਈ
ਧੋਖੇ ਨਾਲ ਮੇਰੇ ਲਾਲ ਜਕੜ ਲੀਤੇ ' ਕੀਲੀ ਲਟਕਦੀ ਤੀਰ ਕਮਾਨ ਹੋ ਗਈ
ਧ. ਧਰਮ ਦਾ ਧਦ੍ਹੇਗਾ ਲੋਹ ਜਲਦੀ ' ਤੇਰਾ ਨਹੀਂ ਫਰੰਗੀਆ ਰਾਜ ਰਹਿਣਾ "
ਬੇ ਹਿਸਾਬ ਗੁਲਸ਼ਨ ਮੇਰੇ ਸਾੜ ਸੁਟੇ ' ਦਗੇ ਬਾਜ਼ਦਾ ਨਹੀਂ ਗੁੜ ਪਾਜ ਰਹਿਣਾ "
ਅਕਸ ਧਰਮ ਇਨਸਾਫ ਦੀ ਜਿਤ ਹੋਣੀ ਤੇਰਾ ਪਾਪੀਆ ਨਹੀਂ ਤਖਤ ਤਾਜ ਰਹਿਣਾ
ਤਿੜੀਆਂ ਖਾਂਦੀਆਂ ਵੇਖਕੇ ਖੇਤ ਸਾਰਾ ' ਮਾਤ ਕਹੇ ਨਹੀਂ ਰੋਕਿਆ ਬਾਜ਼ ਰਹਿਣਾ
ਨ. ਨਸਲ ਮੇਰੀ ਪੱਟੇ ਧਾੜ ਹੋਈ ' ਪਿਆ ਮੂੰਹ ਫਰੰਗੀਆਂ ਪਾਜੀਆਂ ਦਾ "
ਕਾਹਨੂੰ ਘੂਕ ਸੁਤੇ ਮੇਰੇ ਸ਼ੇਰ ਪੁਤ੍ਰ ' ਜਿਨਾਂ ਫਖਰ ਸ਼ਮਸ਼ੇਰ ਦੀ ਬਾਜ਼ੀਆਂ ਦਾ
ਕਿਥੇ ਰਾਜਪੂਤ ਮੇਰੀ ਲਾਜ ਵਾਲੇ ' ਨਸ਼ਿਹਿਦਿਆਂ ਬੇ ਮੁਹਤਾਜੀਆਂ ਦਾ "
ਮਾਤ ਕਹੇ ਕਾਨੂੰ ਠੰਡਾ ਸਰਦ ਹੋਇਆ ' ਖੂਨ ਟਪਕਦਾ ਸੀ ਕਦੇ ਗਾਜ਼ੀਆਂ ਦਾ "
ਪ, ਪੀੜ ਕਢੀ ਮੇਰੀ ਰਤ ਸਾਰੀ ' ਡਿਗ ਡਿਗ ਪਵਾਂ ਨਹੀਂ ਬਿਹ ਜਾਂਦਾ "
ਦਿਲ ਟੁਟਦਾ ਹੈ ਦਮ ਰੁਕਦਾ ਹੈ ' ਮੇਰਾ ਕਾਲਜਾ ਬਚੜਿਓ ਫਿਹ ਜਾਂਦਾ "
ਸੀਨਾ ਚਾਕ ਹੋਇਆ ਏਹਨਾਂ ਗਲਾਂ ' ਜ਼ਬਾ ਥਥਕੰਦੀ ਨਹੀਂ ਕੁਝ ਕਿਹ ਜਾਂਦਾ "
ਜਲਦੀ ਰਾਹ ਦਾ ਹਕੀਮ ਨੂੰ ਵਾਜ ਮਾਰੋ ਮਾਤ ਕਹੇ ਨਹੀਂ ਦੁਖ ਸਿਹ ਜਾਂਦਾ "
ਫ, ਫੇਰ ਮਾਥੇ ਤਾਈਂ ਰੋਗਸੋਂ ਗੇ ' ਗਿਆ ਵਕਤ ਮਗਰੇ ਹਥ ਔਹਣਾ ਨਹੀਂ "
ਪਏ ਝੂਰਸੋਗੇ ਖੇਡਾਂ ਖੇਡੀਆਂ ਨੂੰ ' ਤੁਸਾਂ ਰੋਇਆਂ ਕਿਸੇ ਵਰੋਹਣਾ ਨਹੀਂ "
ਜਦ ਫਰੰਗ ਕਸਾਈ ਦੇ ਵਸ ਪੈ ਗਏ ' ਤੁਸਾਂ ਮਰਿਆਂ ਕਿਸੇ ਛੁਡੋਹਣਾ ਨਹੀਂ "
ਜਦੋਂ ਜੋਤ ਮਾਤ ਵਾਲੀ ਮਾਤ ਹੋਈ ' ਤੁਸਾਂ ਬਚੜਿਓ ਫੁਟ ਸਿਖੋਹਣਾ ਨਹੀਂ "
ਬ. ਬੁਰਾ ਹੁੰਦਾ ਦੇਸ ਤਰਿਜ਼ੀਲ ਦੁਸ਼ਮਣ ' ਧੋਖਾ ਦੇਕੇ ਕੌਮ ਖਰਾਬ ਕਰਨ "
ਜ਼ਾਹਰਾ ਨੇਕ ਚਾਲ ਸੁਖਨ ਨੇਕ ਕੈਂਹਦੇ ' ਰੋਜ਼ੇ ਬੈਠ ਸ਼ੈਤਾਨ ਦੀ ਸਬਕ ਪੜ੍ਹਨ "
ਜ਼ਾਹਰਾ ਮੋਹਿਕ ਮਾਰੇ ਪਾਪੀ ਅੜ ਵਾਂਗੂ ਵਿਚੋਂ ਵਿਚ ਪਖਾਨੇ ਦੇ ਵਾਂਗ ਸੜਨ "
ਜੇਹੜੇ ਠਗੀਆਂ ਕਰਨਗੇ ਖਾਬ ਬਹਕੇ ਮਾਤ ਕਹੇ ਤਿਨਾਂ ਮੰਦੇ ਹਾਲ ਮਰਨ "
ਭ. ਭਜ ਗਈਆਂ ਮੇਰੀਆਂ ਭੁਜਾਂ ਦੋਵੇਂ ' ਜ਼ਖਮੀ ਜ਼ਾਲਮਾਂ ਜ਼ਿਸਮ ਤਮਾਮ ਕੀਤਾ "

ਰਹੀ ਸਮਝਦੀ ਮੈਂ ਸ਼ੇਰ ਖੇਡਦਾ ਹੈ ' ਦਗੇਬਾਜ਼ ਦੀ ਚਾਲ ਨੇ ਕੀਮਤ ਆਮ ਕੀਤਾ"
ਪਾਪੀ ਲੁਟਕੇ ਨਹੀਂ ਕਨੈਤ ਕੀਤੀ ' ਮੈਨੂੰ ਦੇਸ਼ ਪ੍ਰਦੇਸ਼ ਬਦਨਾਮ ਕੀਤਾ"
ਮਾਤਾ ਕਹੇ ਓੜਕ ਦੱਸੀ ਨਮਕ ਹਲਾਲੀ ' ਜੇਕਰ ਗਦਰ ਦਾ ਨਾ ਇਤਬਾਰ ਕੀਤਾ"
ਮ. ਮੁੱਦਤਾਂ ਗੁਜ਼ਰੀਆਂ ਵਿਚ ਦੁੱਖਾਂ ' ਡਾਢੀ ਅਜੇ ਹੋ ਗਈ ਬੀਮਾਰ ਹਾਂ ਮੈਂ"
ਦੁੱਖ ਵਧਦਾ ਵਧਦਾ ਵੱਧ ਗਿਆ ' ਮੁਹਲਕ ਮਰਜ਼ ਨੇ ਕੀਤੀ ਲਾਚਾਰ ਹਾਂ ਮੈਂ
ਢੇੜੇ ਉਗਾਦੇ ਤੇ ਦਾਰੂ ਨਹੀਂ ਕੀਤੀ ' ਜਿਸਮ ਗਲ ਗਿਆ ਹੋਈ ਬੇਜ਼ਾਰ ਹਾਂ ਮੈਂ"
ਦਾਰੂ ਦਸਦੀ ਹਾਂ ਜਲਦ ਕਰੋ ਪੁਤਰੋ ' ਬੱਸ ਗਦਰ ਮੇਰੀ ਤਲਬਗਾਰ ਹਾਂ ਮੈਂ"
ਯ. ਯਾਦ ਕਰ ਕਰ ਪਈ ਝੂਰਦੀ ਹਾਂ ' ਕੋਹੇ ਨਜ਼ਅ ਅੰਦਰ ਤੱਤੀ ਪਲੀ ਜਾਂ ਮੈਂ"
ਕਮਰ ਵਾਂਗ ਕਮਾਨ ਦੇ ਝੁਕੀ ਮੇਰੀ ' ਕਦੇ ਵਾਂਗ ਸ਼ਮਸ਼ਾਦ ਦੇ ਖਲੀ ਸੀ ਮੈਂ"
ਰੰਗ ਹੋਰ ਤੋਂ ਹੋਰ ਸਿਆਹ ਹੋਇਆ ' ਕਦੇ ਸੁਰਖ਼ ਸੰਧੂਰ ਦੀ ਡਲੀ ਸੀ ਮੈਂ"
ਅਕਾਂ ਵਾਂਗ ਮੇਰੀ ਮਾਤ ਕਦ੍ਰ ਭੀ ਨਹੀਂ ' ਕਦੇ ਖਿਲੀ ਚੰਬੇਲੀ ਦੀ ਕਲੀ ਸੀ ਮੈਂ"
ਰ. ਰੋਂਦਿਆਂ ਤੇ ਭੁਲ ਬਹੁਗਾ ਕੀ ' ਉਠੋ ਮਰਦੋ ਕਿਉਂ ਹੌਸਲਾ ਹਾਰ ਬੈਠੇ"
ਪੈਰ ਪੈਰ ਉਤੇ ਪਏ ਤਰੈਹ ਕਰਦੇ ਹੋ ' ਆਹ ਧਰਮ ਤੇ ਸ਼ਰਮ ਵਿਸਾਰ ਬੈਠੇ"
ਸ਼ੇਰਾਂ ਵਾਂਗ ਆਜ਼ਾਦ ਹੋ ਫਿਰੋ ਖੁਲ੍ਹੇ ' ਵਾਂਗ ਗਿਦੜਾਂ ਕਿਉਂ ਦਿਲ ਧਾਰ ਬੈਠੇ"
ਜੇਕਰ ਅਸਲ ਦੀ ਨਸਲ ਹੋ ਸ਼ੇਰ ਮਰਦੋ ' ਮਾਤਾ ਕੈਦੜੀ ਨੂੰ ਕਿਉਂ ਵਿਸਾਰ ਬੈਠੇ"
ਲ. ਲੋਕ ਪ੍ਰਲੋਕ ਵਿਚੋਂ ਪੈਂਹ ਧਕੇ ' ਹੋਕੇ ਮਰਦ ਮੇਰੀ ਤੁਸਾਂ ਨੂੰ ਸ਼ਰਮ ਕਿਉਂ ਨਹੀਂ
ਹਿੰਦੋਸਤਾਨੀ ਗੁਲਾਮ ਹਨ ਗੋਰਿਆਂ ਦੇ ' ਦੁਨੀਆਂ ਕਹੇ ਹੁੰਦਾ ਸੀਨੇ ਵਰਮ ਕਿਉਂ ਨਹੀਂ
ਹਿੰਦੂ ਸਿੱਖ ਗਾਜ਼ੀ ਰਾਜਪੂਤ ਬਾਂਕੇ ' ਸ਼ੇਰਾਂ ਵਿਚੋਂ ਸ਼ੇਰਾਂ ਵਾਲੇ ਕ੍ਰਮ ਕਿਉਂ ਨਹੀਂ
ਹਿੰਦ ਕੁਲੀ ਭਰਦੀ ਤੁਹਾਨੂੰ ਕੈਹਿੰਦੇ ਗੋਰੇ ' ਹੁੰਦਾ ਹਿੰਦੀਆਂ ਦਾ ਖੂਨ ਗਰਮ ਕਿਉਂ ਨਹੀਂ
ਵ. ਵਾਉ ਜ਼ਮਾਨੇ ਦੀ ਫਿਰੀ ਕਿਦੂੰ ' ਮੇਰੇ ਪਾਪੀਆਂ ਨੇ ਬਾਗ ਸਾੜ ਸੁਟੇ"
ਆਪਸ ਵਿਚੋਂ ਲੜਾ ਕੇ ਗਰਕ ਕੀਤੇ ' ਮੇਰੇ ਸ਼ੇਰ ਪੁਤਰ ਕਿਵੇਂ ਪਾੜ ਸੁਟੇ"
ਏਨਾਂ ਗੋਰਿਆਂ ਦਗ਼ੇਦਿਆਂ ਚੋਰਿਆਂ ਨੇ ' ਮੇਰੇ ਵਸਦੇ ਸ਼ਹਿਰ ਉਜਾੜ ਸੁਟੇ"
ਮਾਤਾ ਕਹੇ ਫਰੰਗੀਆਂ ਦਗ਼ੇਬਾਜ਼ਾਂ ' ਮੇਰੀ ਜ਼ਿੰਦ ਦੇ ਥੰਮ ਉਖਾੜ ਸੁਟੇ"
ੜ. ਆੜ ਅੰਦਰ ਦਗ਼ੇਬਾਜ਼ ਬੈਠਾ ' ਤੁਸਾਂ ਗੁਰਮੁਖੋ ਆਖੀਆਂ ਮੀਟੀਆਂ ਕਿਉਂ"
ਮਿਠਾ ਬੋਲ ਜਾਲ ਮਗਰ ਘਾਤ ਕਰਦਾ ' ਤੁਸਾਂ ਭੋਲਿਓ ਲਾਈਆਂ ਪ੍ਰੀਤੀਆਂ ਕਿਉਂ
ਜਲਦੀ ਗਦਰ ਕਰਕੇ ਕਢੋ ਗੋਰਿਆਂ ਨੂੰ ' ਸਟ ਖਾਇਕੇ ਲਵੋ ਕਰੀਚੀਆਂ ਕਿਉਂ"
ਕਰੋ ਗਦਰ ਤੇ ਬਣੋ ਆਜ਼ਾਦ ਸ਼ੇਰੋ ' ਮਾਤਾ ਕਹੇ ਭੁੱਲ ਫੜੀਆਂ ਕੁਰੀਤੀਆਂ ਕਿਉਂ

# ਭਾਰਤ ਮਾਤਾ ਦੀ ਦੁੱਖ ਭਰੀ ਪੁਕਾਰ

ਮੇਰੀ ਅਰਜ਼ ਨੂੰ ਨਾਲ ਖਿਆਲ ਸੁਣਨਾ ਮੇਰੇ ਸਿੱਖ ਹਿੰਦੂ ਮੁਸਲਮਾਨ ਵੀਰੋ"
ਪਾਜੀ ਗੋਰਿਆਂ ਨੇ ਮੈਨੂੰ ਤੰਗ ਕੀਤਾ 'ਆਈ ਨੱਕ ਤੇ ਮੈਂਡੜੀ ਜਾਨ ਵੀਰੋ"
ਬੱਚੇ ਬੱਚੀਆਂ ਹਿੰਦ ਦੇ ਫਿਰਨ ਰੁਲਦੇ ਢੋਈ ਮਿਲੇ ਨਾ ਵਿੱਚੋਂ ਜਹਾਨ ਵੀਰੋ"
ਭਾਰਤ ਬੱਚੀਆਂ ਜੇਲ੍ਹਾਂ ਦੇ ਵਿੱਚ ਤੜਫਦੇ ਕੰਬ ਉਠਿਆ ਜ਼ਿਮੀ ਅਸਮਾਨ ਵੀਰੋ
ਭਾਰਤ ਵਿੱਚ ਨਾ ਢੂੰਡਿਆਂ ਮਿਲੇ ਕੌਡੀ 'ਮਾਲਾ ਹੋਇਆ ਇੰਗਲਸਤਾਨ ਵੀਰੋ"
ਕੁੱਤੇ ਖਾਣ ਫਰੰਗੀ ਦੇ ਪੇਟ ਭਰਕੇ 'ਭੁੱਖੇ ਹਿੰਦ ਦੇ ਮਰਨ ਇਨਸਾਨ ਵੀਰੋ"
ਜ਼ਿਮੀ ਬਾਰ ਦੀ ਮਿਲੇ ਈਸਾਈਆਂ ਨੂੰ 'ਦੇਸੀ ਉਜੜੇ ਪਿਟਣ ਨੂੰ ਜਾਣ ਵੀਰੋ"
ਵਰਸਾ ਹਿੰਦ ਦੇ ਬਹੁਤ ਅੰਗ੍ਰੇਜ਼ ਜ਼ਾਲਮ ਕੀਤੇ ਪਕੜ ਬੇਦਖਲ ਕਿਸਾਨ ਵੀਰੋ"
ਨੈਹਿਰਾਂ ਖੂਹਾਂ ਜ਼ਮੀਨਾਂ ਦੇ ਤੁਸੀਂ ਮਾਲਕ 'ਕੱਢੇ ਵਾਸਤੇ ਭਾਰੇ ਲਗਾਨ ਵੀਰੋ"
ਕੁਲ ਤੋਪਖਾਨੇ ਜੰਗੀ ਪਲਟਣਾਂ ਦੇ 'ਭਾੜੇ ਭੰਗੀਂ ਦੇ ਦੇਂਦੇ ਜਾਨ ਵੀਰੋ"
ਪੈਣ ਕਾਲ ਤੇ ਮੌਤ ਪਲੇਗ ਆਦਿ 'ਹੈਜ਼ਾ ਤਾਪ ਤੇ ਰੋਗ ਭੀ ਖਾਣ ਵੀਰੋ"
ਮੌਜ ਕੁਲ ਜਹਾਨ ਦੀ ਲੈਣ ਗੋਰੇ 'ਹਿੰਦੀ ਢੋਕੇ ਹੀ ਸੰਖ ਬਜਾਣ ਵੀਰੋ"
ਨਾਲ ਝੁਲਿਆਂ ਮੂਲ ਨਹੀਂ ਕੁਝ ਬਣਨਾ 'ਮੇਰਾ ਆਖਰੀ ਸੁਣੋ ਫੁਰਮਾਨ ਵੀਰੋ"
ਹਿੰਦੂ ਵੇਦ ਤੇ ਸਿੱਖਾਂ ਗ੍ਰੰਥ ਫੜਲੀ 'ਮੁਸਲਮਾਨਾਂ ਨੇ ਕਸਮ ਕੁਰਾਨ ਵੀਰੋ"
ਘਰੋਂ ਚੋਰ ਨੂੰ ਪਕੜ ਕੇ ਬਾਹਰ ਕਰਦੋ 'ਕਾਇਮ ਆਪਣਾ ਕਰੋ ਨਿਸ਼ਾਨ ਵੀਰੋ"
ਬਸਤੀ ਤੀਹ ਕਰੋੜ ਦਾ ਨਾਮ ਸੁਣ ਕੇ 'ਸਾਰੀ ਖਲਕ ਖੁਦਾ ਹੈਰਾਨ ਵੀਰੋ"
ਉਤੋਂ ਕਰਨ ਸਫਾਈਆਂ ਦਿਲੋਂ ਖੋਟੇ 'ਖੋਟੇ ਖੋਟ ਜਨਿਤ ਕਮਾਨ ਵੀਰੋ"
ਤੁਸੀਂ ਕਰੋ ਤਿਆਰੀਆਂ ਗਦਰ ਦੀਆਂ 'ਤੁਸਾਂ ਵੱਲ ਹੈ ਗਦਰ ਦਾ ਧਿਆਨ ਵੀਰੋ
ਦੁਨੀਆਂ ਦੇਖ ਕੇ ਤੁਸਾਂ ਸ਼ਾਬਾਸ਼ ਦੇਸੀ 'ਮੂਹੋਂ ਕਹੇਗੀ ਹਿੰਦੀ ਬਲਵਾਨ ਵੀਰੋ
ਖਾੜੂ ਮੁਲਕ ਦੀ ਦਿਲਾਂ ਨੇ ਜਾਨ ਵਾਰੀ 'ਸਿਰ ਤੇ ਝੂਲਦੇ ਫਿਰਨ ਨਿਸ਼ਾਨ ਵੀਰੋ"
ਹਿੰਦ ਬਾਗ ਬਣਿਆ ਖਾੜੂ ਹਿੰਦੀਆਂ ਦੀ 'ਕਿਉਂ ਨਾ ਬਣਨ ਹਿੰਦੀ ਬਾਗਵਾਨ ਵੀਰੋ
ਤੁਸੀਂ ਆਪਣੀ ਫੌਜ ਤਿਆਰ ਕਰਲੋ 'ਹਿੰਦੋਸਤਾਨੀਓ ਬਣੋ ਬਲਵਾਨ ਵੀਰੋ
ਗੋਲੀ ਤੋਪ ਬੰਦੂਕ ਭੀ ਤਿਆਰ ਕਰਲੋ ਹੋਰ ਜੰਗ ਦਾ ਕੁਲ ਸਮਾਨ ਵੀਰੋ"
ਜੰਗ ਕਰਨ ਦੇ ਲਈ ਤਿਆਰ ਹੋਜੋ 'ਸਿੱਖੋ ਹਿੰਦੂਓ ਤੇ ਮੁਸਲਮਾਨ ਵੀਰੋ"
ਖੰਡਾ ਸਾਰ ਦਾ ਪਕੜ ਮੈਦਾਨ ਗੱਜੋ 'ਵੇਲਾ ਜੰਗ ਦਾ ਪਹੁੰਚਿਆ ਆਨ ਵੀਰੋ"
ਪਾੜ ਪਾੜ ਕੇ ਪਾਜੀਆਂ ਬਾਂਦਰਾਂ ਨੂੰ 'ਕਰੋ ਜ਼ਾਲਮ ਨੂੰ ਵਿਚੋਂ ਰਵਾਨ ਵੀਰੋ"

ਜੇਹੜੇ ਸੂਰਮੇਂ ਮਾਂਵਾਂ ਦੇ ਪੁਤ ਜੇਹੜੇ ' ਕਿਓਂ ਨਾ ਪੀੜ੍ਹਦੇ ਵੈਰੀ ਦੀ ਘਾਣ ਵੀਰੋ"
ਵਖੋ ਵੱਖ ਰਲਕੇ ਜਥੇ ਬੈਠੁਤ ਸਾਰੇ ' ਚਲੋ ਖੁਸ਼ੀ ਦਾ ਖੂਬ ਮਚਾਣ ਵੀਰੋ"
ਜੇਕਰ ਹਿੰਦ ਵਾਸ਼ੀ ਹੱਲਾ ਕਰਨ ਰਲਕੇ ' ਗੋਰੇ ਛੱਡ ਜਾਵਣ ਹਿੰਦੋਸਤਾਨ ਵੀਰੋ"
ਦੇਵੋ ਸਬਕ ਫਰੰਗੀਆਂ ਪਾਜੀਆਂ ਨੂੰ ' ਏਨਾਂ ਗਰਕ ਕੀਤਾ ਹਿੰਦੋਸਤਾਨ ਵੀਰੋ"
ਕਰੋ ਭੁਨਕੇ ਏਨਾਂ ਦੀ ਦੂਰ ਆਕੜ ' ਸਿਧਾ ਤੀਰ ਹੋਵੇ ਇੰਗਲਸਤਾਨ ਵੀਰੋ
ਟੁੱਟੇ ਜੋਰ ਫਰੰਗੀ ਦਾ ਜਗ ਉਤੋਂ ' ਬਾਦਸ਼ਾਹੀ ਦਾ ਮਿਟੇ ਨਿਸ਼ਾਨ ਵੀਰੋ
ਬਧੇ ਹਥ ਗੁਲਾਮ ਹਮੇਸ਼ ਰੈਹਸੀ ' ਕੈਹਿੰ ਤੁਸਾਂ ਦਾ ਕਰੂ ਪ੍ਰਵਾਨ ਵੀਰੋ"
ਦੇਸ਼ੋਂ ਕਢੋ ਫਰੰਗੀਆਂ ਬਾਂਦਰਾਂ ਨੂੰ ' ਆਪ ਮੁਲਕ ਦੇ ਬਣੋਂ ਸੁਲਤਾਨ ਵੀਰੋ"
ਜੀਉਂਦੇ ਰਹੇ ਤਾਂ ਕਰਾਂਗੇ ਬਾਦਸ਼ਾਹੀ ' ਮਰ ਗਏ ਤਾਂ ਜੱਸ ਜਹਾਨ ਵੀਰੋ"
ਭਾਰਤ ਵਰਸ਼ ਵਿਚ ਖੁਸ਼ੀ ਦੇ ਜਗਣ ਦੀਵੇ ਦੀਵੇ ਗੁਲ ਹੋਵਣ ਇੰਗਲਸਤਾਨ ਵੀਰੋ

## ਗੁਲਾਮ ਦੀ ਦੁਰਦਸ਼ਾ

ਜ਼ਰਾ ਗੌਰ ਸੇ ਸੋਚਣਾਂ ਵੀਰ ਮੇਰੇ ' ਸਾਡੀ ਕਦ੍ਰ ਕਿਉਂ ਵਿੱਚ ਸਨਸਾਰ ਨਾਹੀਂ
ਦੁਨੀਆਂ ਵਿਚ ਫਰੰਗੀਆਂ ਜੇਡ ਜ਼ਾਲਮ ' ਭੈੜੀ ਦੂਸਰੀ ਹੋਰ ਸਰਕਾਰ ਨਾਹੀਂ"
ਜੀਹਨੂੰ ਆਪ ਸਰਕਾਰ ਸਰਕਾਰ ਕੈਂਹਦੇ ' ਧਾੜੂ ਲੁਟਦੇ ਦੇਸ ਦੀ ਕਾਰ ਨਾਹੀਂ"
ਦੀਵੇ ਦਿਨੇ ਹੀ ਬਾਲਕੇ ਲੁਟਦੀ ਹੈ ' ਹੁਣੇ ਹਿੰਦ ਵਾਸ਼ੀ ਖਬਰਦਾਰ ਨਾਹੀਂ"
ਮਿਠੱ ਬੋਲਕੇ ਕੰਮ ਨੂੰ ਕਢੱ ਲੈਂਦੇ ' ਗੋਰੀ ਕੌਮ ਏਹ ਕਿਸੇ ਦੀ ਯਾਰ ਨਾਹੀਂ"
ਚੋਰ ਆਪਣਾਂ ਅੱਜ ਮਲੂਮ ਹੋਇਆ ' ਹੁਣ ਫੜਨ ਨੂੰ ਤੁਸੀਂ ਤਿਆਰ ਨਾਹੀਂ"
ਨਾਹੀ ਦੇਸ਼ ਨਾਂ ਤੁਸਾਂ ਦੀ ਨਸਲ ਰੈਹਸੀ ਖਾਲੀ ਹਥ ਜੇ ਫੜੀ ਤਲਵਾਰ ਨਾਹੀਂ"
ਜੋਕੀ ਦੇਖ ਕੇ ਹਿੰਦ ਨੂੰ ਘੂਕ ਸੁਤਾ ' ਬਣਦੇ ਤੁਸਾਂ ਜੇਹੇ ਮਰਦ ਗਾਰ ਨਾਹੀਂ"
ਸਗੋਂ ਦੇਖ ਸਾਨੂੰ ਪਰੇ ਦੂਰ ਰੈਂਦੇ ' ਅਤੇ ਆਖਦੇ ਏਹ ਖੁਦ ਮੁਖਤਾਰ ਨਾਹੀਂ"
ਅਖਾਂ ਮੀਟੀਆਂ ਰਾਜ ਨਹੀਂ ਹਥ ਔਂਦਾ ' ਜਿਚਰ ਖੜਕਦੀ ਜੰਗ ਤਲਵਾਰ ਨਾਹੀਂ"
ਜ਼ਾਲਮ ਰਹੀ ਸਰਕਾਰ ਜੇ ਦੇਸ਼ ਅੰਦਰ ' ਸਾਡਾ ਜੀਵਣਾਂ ਕਿਸੇ ਦਰਕਾਰ ਨਾਹੀਂ"
ਬੱਚੇ ਗਾਜ਼ੀਆਂ ਦੇ ਮੁਸਲਮਾਨ ਕਿਥੇ ' ਦਿਸਨ ਸੂਰਮੇ ਸਿਖ ਸਰਦਾਰ ਨਾਹੀਂ"
ਸਦੱ ਲਿਤਾ ਵਿੱਚ ਮੈਦਾਨ ਦੇ ਜੀ ' ਬੇੜੀ ਪਾਪ ਦੀ ਲੰਘਣੀ ਪਾਰ ਨਾਹੀਂ"
ਉਦਮ ਨਾਲ ਹੁੰਦੇ ਸਭੇ ਕੰਮ ਪੂਰੇ ' ਸਚੀ ਗਲ ਨੂੰ ਦਿਲੋਂ ਵਿਸਾਰ ਨਾਹੀਂ"
ਬਾਗ਼ੀ ਸਿਖ ਕੈਂਹਦਾ ਸਭੇ ਕੰਮ ਝੂਠੇ ' ਹੋਣਾਂ ਗਦਰ ਦੇ ਬਾਝ ਛੁਟਕਾਰ ਨਾਹੀਂ

# ਕਾਮਾ ਗਾਟਾ ਮਾਰੂ ਜਹਾਜ਼ ਦੇ
# ਬੇਬਸ ਹਿੰਦੀਆਂ ਦੀ ਪੁਕਾਰ

ਸੁਣੋਂ ਹਿੰਦੀਓ! ਜ਼ਰਾ ਧਿਆਨ ਦੇਕੇ ' ਗੱਲਾਂ ਸੁਣਦਿਆਂ ਸਾਰ ਘਬਰਾਵਨਾਂ ਨਾਂ "
ਸਾਡਾ ਹਾਲ ਗਰੀਬਾਂ ਦਾ ਦਰਦ ਭਰਿਆ ' ਖੋਲ੍ਹ ਦਸਦੇ ਹਾਂ ਮੂੰਹ ਭਵਾਵਨਾਂ ਨਾਂ "
ਜ਼ਰਾ ਸਾਂਭ ਲੈਣਾਂ ਮਨ ਆਪਣੇ ਨੂੰ ' ਹੌਕੇ ਭਰਦਿਆਂ ਦਮ ਉਲਟਾਵਨਾਂ ਨਾਂ "
ਦਿਲ ਰਖਣਾਂ ਸਾਂਭ ਕੇ ਖਾਲਸਾ ਜੀ ' ਮਰਦਾਂ ਵਾਂਗ ਰੈਹਿਣਾਂ ਦਿਲ ਦੈਹਲਾਵਨਾਂ ਨਾਂ "
ਖੂਬ ਮਗ਼ਜ਼ ਦੇ ਨਾਲ ਵਚਾਰ ਕਰਨੀ ' ਸੁਣ ਕੇ ਦੁੱਖ ਸਾਡੇ ਸ਼ਰਮਾਵਨਾਂ ਨਾਂ "
ਆਹ! ਲੱਖ ਕਜ਼ੀਅੜੇ ਪੈਣ ਮਰਦਾਂ ' ਪਏ ਪੈਣ ਯਾਰੋ ਘਬਰਾਵਨਾਂ ਨਾਂ "
ਯਾਦ ਰਖਣਾਂ ਦਰਗ਼ਾ ਦੇ ਯਾਰ ਤਾਈਂ ' ਉਦੇ ਪਿਆਰਿਓ ਦਿਲੋਂ ਭੁਲਾਵਨਾਂ ਨਾਂ "
ਆਵੇ ਹੱਥ ਤੇ ਖੂਬ ਜਵਾਬ ਦੇਣਾਂ ' ਅੱਗੇ ਵਾਂਗ ਭੁਲੇਖੇ ਵਿੱਚ ਆਵਨਾਂ ਨਾਂ "
ਪਾਸਾ ਫਿਰੂਗਾ ਯਾਰੋ ਜ਼ਰੂਰ ਸਾਡਾ ' ਹਿੰਮਤ ਰੱਖਣੀ ਦਿਲ ਉਦਰਾਵਨਾਂ ਨਾਂ "
ਬਦਲੇ ਲਵਾਂਗੇ ਗਿਣ ੨ ਹਰਾਮੀਆਂ ਤੋਂ ' ਬੱਚਣਾਂ ਹਿੰਦੀਓ ਦਾ ਹੇਠ ਆਵਨਾਂ ਨਾਂ "
ਬੇਈਮਾਨ ਫਰੰਗ ਬੇ ਪੀਰ ਕਾਫਰ ' ਗੱਲਾਂ ਮਿਠੀਆਂ ਤੇ ਭੁੱਲ ਜਾਵਨਾਂ ਨਾਂ "
ਯਾਰੋ ਵਕਤ ਸੋਹਣਾਂ ਸਾਡੇ ਉਠਣੇ ਦਾ ' ਪਿੱਛੇ ਕਾਇਰਾਂ ਲਗ ਦਬ ਜਾਵਨਾਂ ਨਾਂ "
ਨਾਲੇ ਕੁਟਦਾ ਹੈ ਨਾਲੇ ਲੁਟਦਾ ਹੈ ' ਨਾਲੇ ਹਸਦਾ ਹਾਸੇ ਵਿੱਚ ਆਵਨਾਂ ਨਾਂ "
ਜੜ੍ਹਾਂ ਕਟਦਾ ਵਿਚੋਂ ਹਰਾਮਜ਼ਾਦਾ ' ਉਤੋਂ ਪਿਆਰ ਕਰਦਾ ਧੋਖਾ ਖਾਵਨਾਂ ਨਾਂ "
ਮੁੜੋਂ ਦਸਦੇ ਹਾਂ ਸਾਰਾ ਹਾਲ ਭਾਈਓ ' ਯਾਦ ਰਖਣਾਂ ਐਂਵੇ ਭੁਲਾਵਨਾਂ ਨਾਂ "
ਸੋਹਣਾਂ ਵਕਤ ਜੇ ਵਕਤ ਸਿਰ ਵਕਤ ਲਭਾ ' ਵਕਤ ਸਾਂਭਣਾਂ ਵੀਰੋ ਗਵਾਵਨਾਂ ਨਾਂ "

---

ਸਾਡੇ ਦੁਖਾਂ ਵਿਚੋਂ ਦੁਖ ਵੰਡੇਣ ਵਾਲੇ ' ਕੇਹੀ ਦਿਤੀ ਨਸੀਬਾਂ ਨੇ ਹਾਰ ਸਾਨੂੰ "
ਮੁਦਤ ਗੁਜ਼ਰ ਚੁਕੀ ਦੁਖ ਸੈਹੰਦਿਆਂ ਨੂੰ ' ਮਿਲਿਆ ਅਜ ਜ਼ਮਾਨੇ ਦਾ ਯਾਰ ਸਾਨੂੰ "
ਗੁੱਝੀ ਮਰਜ਼ ਵਿੱਚੋ ਵਿੱਚ ਜ਼ੋਰ ਪਾਇਆ ' ਸਾਰਾ ਹਿੰਦ ਹੀ ਦਿਸੇ ਬੀਮਾਰ ਸਾਨੂੰ "
ਬੜੀ ਦੂਰ ਦਰਾਜ਼ ਤਕ ਨਜ਼ਰ ਮਾਰੀ ' ਲਭੀ ਮਰਜ਼ ਫਰੰਗੀ ਸ੍ਰਕਾਰ ਸਾਨੂੰ "
ਮੁਲਕੋਂ ਕਢੋਂ ਮਾਰੇ ਦੂਜੇ ਦੇਸ਼ ਅੰਦਰ ' ਕੀਤਾ ਚੀਨ ਮਚੀਨ ਖੁਆਰ ਸਾਨੂੰ "
ਆਏ ਮਿਰਕਣ ਕਨੇਡੇ ਦੇ ਹੌਂਸਲੇ ਤੇ ' ਪੈਸਾ ਖਰਚ ਆਇਆ ਬੇ ਸ਼ੁਮਾਰ ਸਾਨੂੰ "
ਮਿਰਕਣ ਬੰਦ ਹੋ ਗਈ ਹਿੰਦੋਸਤਾਨੀਆਂ ਨੂੰ ' ਅਤੇ ਢੋਇਆ ਕਨੇਡੇ ਦਾ ਬਾਰ ਸਾਨੂੰ "

ਕਈ ਬਾਰ ਅਮਰੀਕਾ ਨੇ ਆਖਿਆ ਸੀ ' ਉਠੋ ਹਿੰਦੀਓ ਸੈਨਤਾਂ ਮਾਰ ਸਾਨੂੰ ॥
ਸਮਝੀ ਇਕ ਨਾਂ ਅਸਾਂ ਨਿਮਾਣਿਆਂ ਨੇ ' ਅਕਲ ਸੈਨਤਾਂ ਦੀ ਮਧਮ ਕਾਰ ਸਾਨੂੰ ॥
ਮੁੜ ਮੁੜ ਔਂਦੇ ਸਾਂ ਫੇਰ ਜਾਂਵਦੇ ਸਾਂ ' ਆਵੇ ਜ਼ਰਾ ਨਾ ਸਬਰ ਕਰਾਰ ਸਾਨੂੰ ॥
ਬੁਰੇ ਹਾਲ ਅੰਦਰ ਭਾਵੇਂ ਦੁਖੀ ਫਿਰਦੇ ' ਲਗੇ ਨੇਕ ਦਿਲ ਤਾਂ ਭੀ ਸ੍ਰਕਾਰ ਸਾਨੂੰ ॥
ਖਬਰ ਨਹੀਂ ਕਿਓਂ ਗਿਰ ਗਈ ਮਤ ਸਾਡੀ ' ਕੀਤਾ ਵੱਸ ਕਿਨੂੰ ਮੰਤਰ ਮਾਰ ਸਾਨੂੰ ॥
ਤਾਂ ਹੀ ਪਤਾ ਲਗਾ ਭੈੜੇ ਮਰਜ਼ ਵਾਲਾ ' ਜਦੋਂ ਫੁਟ ਆਇਆ ਜਿਸਮੋਂ ਬਾਹਰ ਸਾਨੂੰ ॥
ਭੁਲ ਦਾਉ ਚਾਲਾਕ ਦੇ ਨਾਲ ਲਾਇਆ ' ਕੀਤਾ ਕਾਬੂ ਫਰੰਗ ਮਦਾਰ ਸਾਨੂੰ ॥
ਮਿੱਠਾ ਬੋਲਨਾਂ ਤੇ ਗੁੜ੍ਹਾ ਘਾਤ ਕਰਨਾਂ ' ਭੈੜੀ ਲੱਭੀ ਅਗ੍ਰੇਜ਼ੀ ਸ੍ਰਕਾਰ ਸਾਨੂੰ ॥
ਰੁਲਦੇ ਰੁਲਦਿਆਂ ਨੂੰ ਮੁਦਤ ਗੁਜ਼ਰ ਗਈ ਸੀ ' ਮਿਲਿਆ ਨਹੀਂ ਸੀ ਕੋਈ ਗ਼ਮਖਾਰ ਸਾਨੂੰ ॥
ਪੈਸਾ ਇੱਕ ਨਾਂ ਸੀ ਪੱਲੇ ਖਰਚਣੇ ਨੂੰ ' ਨਾਂ ਕੋਈ ਦਿਸਦਾ ਸੀ ਮਦਦ ਗਾਰ ਸਾਨੂੰ ॥
ਕਿਸਮਤ ਫਿਰੀ ਜ਼ਮਾਨੇ ਨੇ ਗੇੜ ਲਾਇਆ ' ਕੀਤੀ ਆਪ ਕ੍ਰਿਪਾ ਕਰਤਾਰ ਸਾਨੂੰ ॥
ਚਲੋ ਹਿੰਦੀਓ ਚਲੋ ਕਨੇਡੜੇ ਨੂੰ ' ਕਿਹਾ ਸਿਖ ਗੁਰਦਿਤ ਸ੍ਰਦਾਰ ਸਾਨੂੰ ॥
ਦੁਖੀ ਸੁਖੀ ਪੈਸਾ ਪੈਸਾ ਜਮਾ ਕਰਕੇ ' ਕੀਤਾ ਸਾਰਿਆਂ ਤਾਈਂ ਤਿਆਰ ਸਾਨੂੰ ॥
ਡਾਲੇ ਸਤਰ ਹਜ਼ਾਰ ਨੂੰ ਬੋਟ ਲੈਕੇ ' ਕੀਤਾ ਸਾਰਿਆਂ ਨੂੰ ਅਸਵਾਰ ਸਾਨੂੰ ॥
ਜਿਸਦੀ ਖੁਸ਼ੀ ਆਤੜ੍ਹੇ ਬੇਖੌਫ ਹੋਕੇ ' ਕਿਹਾ ਸਿਖ ਗੁਰਦਿਤ ਲਲਕਾਰ ਸਾਨੂੰ ॥
ਨਾਲੇ ਦੇਖਨਾਂ ਜੇ ਕਦਰ ਆਪਣੀ ਨੂੰ ' ਕਿਵੇਂ ਜਾਣੇ ਅੰਗ੍ਰੇਜ਼ੀ ਸ੍ਰਕਾਰ ਸਾਨੂੰ ॥
ਜਦੋਂ ਤੁਰਨ ਲਗੇ ਔਕੜ ਪੇਸ਼ ਆਈ ' ਕਾਹਣੀ ਅੱਖ ਦਿਸ ਪਈ ਦਗ਼ੇਦਾਰ ਸਾਨੂੰ ॥
ਅਗੋਂ ਜਾਵਣੇ ਤੋਂ ਸਾਨੂੰ ਰੋਕ ਦਿਤਾ ' ਇਹ ਬਦਮਾਸ਼ ਕੀਤਾ ਪੈਹਲਾ ਵਾਰ ਸਾਨੂੰ ॥
ਪਕੜ ਲਿਆ ਸ੍ਰਦਾਰ ਗੁਰਦਿਤ ਸਿਖ ਨੂੰ ' ਬੜੇ ਸਵਾਲ ਕੀਤੇ ਪੇਚਦਾਰ ਸਾਨੂੰ ॥
ਕੀਤੇ ਯਤਨ ਡ੍ਰੋਹ ਦੇ ਹਿੰਦੀਆਂ ਨੂੰ ' ਦਿਸ ਪਈ ਬਦਮਾਸ਼ ਦੀ ਕਾਰ ਸਾਨੂੰ ॥
ਨਹੀਂ ਡੋਲਣਾਂ ਹਿੰਦੀਓ ਸ਼ਬ੍ਰ ਕਰਨਾਂ ' ਕਿਹਾ ਸਿਖ ਹੁਰਾਂ ਥਾਪੀ ਮਾਰ ਸਾਨੂੰ ॥
ਠੀਕ ਜਾਵਸਾਂ ਵਿੱਚ ਕਨੇਡੇ ਦੇ ਇਕ ਵਾਰੀ ' ਕੀਤੇ ਸ਼ੇਰ ਇਹ ਕੌਲ ਕਰਾਰ ਸਾਨੂੰ ॥
ਆਖਰ ਰਵਾਂ ਹੋਇਆ ਬੇੜਾ ਹਿੰਦੀਆਂ ਦਾ ' ਖੜਕਨ ਲੱਗ ਪਈ ਤਾਰ ਪ੍ਰ ਤਾਰ ਸਾਨੂੰ ॥
ਬੁਰੇ ਹਾਲ ਮਹੀਨੇ ਦੇ ਬਾਦ ਜਾਕੇ ' ਆਇਆ ਨਜ਼ਰ ਕਨੇਡੇ ਦਾ ਬਾਰ ਸਾਨੂੰ ॥
ਅੱਗੇ ਰੰਗ ਮੈਲਾ ਵਾਲੇ ਹੋਰ ਦੇਖੇ ' ਦੁਖ ਮਿਲਨ ਲੱਗੇ ਬੇ ਸ਼ੁਮਾਰ ਸਾਨੂੰ ॥
ਦੋ ਤਿਨ ਮੀਲ ਸ਼ੈਹਰੋਂ ਬਾਹਰ ਖੜਾ ਕੀਤਾ ' ਪਹਰੇ ਖੂਬ ਲਾਏ ਬੇ ਸ਼ੁਮਾਰ ਸਾਨੂੰ ॥
ਉਤੱਰ ਸਕਦੇ ਨਾਂ ਖੂਬ ਕੈਦ ਕੀਤੇ ' ਪਾਣੀ ਵਿੱਚ ਪਕੇ ਜਿੰਦੇ ਮਾਰ ਸਾਨੂੰ ॥
ਲੱਗੀ ਖਬਰ ਕਨੇਡੇ ਦੇ ਹਿੰਦੀਆਂ ਨੂੰ ' ਆਏ ਮਿਲਣੇ ਹੋ ਤਿਆਰ ਬ ਤਿਆਰ ਸਾਨੂੰ ॥

ਕਰਕੇ ਚੋਟ ਕਰਾਏ ਤੇ ਵੀਰ ਸਾਡੇ ਆਏ ਮਿਲਨ ਸਮੁੰਦ੍ਰ ਵਿਚਕਾਰ ਸਾਨੂੰ"
ਐਂਵੇਂ ਵੇਖ ਭਰਾਵਾਂ ਨੂੰ ਜੋਸ਼ ਆਇਆ ਵਿਚੋਂ ਖੂਨ ਆਇਆ ਜੋਸ਼ ਮਾਰ ਸਾਨੂੰ"
ਭਾਰਤ ਵਰਸ਼ ਦੇ ਨਾਮ ਦੇ ਮਰਨ ਵਾਲੇ, ਵੇਲੇ ਰਹੇ ਸਨ ਸੈਨਤਾਂ ਮਾਰ ਸਾਨੂੰ"
ਪਕੜ ਲਏ ਪੁਲੀਸ ਦੇ ਚੋਟਨੇ ਆ, ਖਬਰ ਨਹੀਂ ਸੀ ਕੋਈ ਇਸ ਵਾਰ ਸਾਨੂੰ"
ਬਾਤ ਚੀਤ ਨਹੀਂ ਕਰਨ ਦਾ ਹੁਕਮ ਤੁਮਨੇ ਵਿਚ ਵਿਚ ਗੋਰੇ ਹਕਾਂ ਮਾਰ ਸਾਨੂੰ"
ਅਸੀਂ ਪੁਛਿਆ ਅਸਾਂ ਕੀ ਖੂਨ ਕੀਤਾ, ਕਰੜਾ ਹੁਕਮ ਕਿਉਂ ਲਾਇਆ ਸਰਕਾਰ ਸਾਨੂੰ"
ਰੂਪ ਰੋਹ ਬਦਮਾਸ਼ ਜਵਾਬ ਆਖਾ, ਆਹ! ਫਿਰ ਗਏ ਦਿਲਾਂ ਵਿਚੋਂ ਤਾਰ ਸਾਨੂੰ"
ਭਲਾ ਕਰ ਕੀ ਸਕਦੇ ਸਾਂ ਫਸ ਵੇਲੇ, ਸ਼ੇਰ ਬੰਦ ਸਾਂ ਜਿੰਦਰੇ ਮਾਰ ਸਾਨੂੰ"
ਸਕੇ ਨਹੀਂ ਜਾਂਦੇ ਏਸ ਹਦ ਵਿਚੋਂ, ਦਿਸੇ ਜਨਮ ਦੇ ਐਨ ਆਸਾਰ ਸਾਨੂੰ"
ਬੋਟ ਪਕੜ ਲੈ ਗਏ ਭਾਈਆਂ ਐਦਿਆਂ ਦਾ, ਨਾਂਹੀ ਜਾਣਿਆਂ ਨੂੰ ਗਏ ਮਾਰ ਸਾਨੂੰ"
ਨਾਂ ਓਹ ਮਿਲੇ ਨਾਂ ਕੀਤੀਆਂ ਮੂਲ ਗਲਾਂ, ਰਹੇ ਦਿਲਾਂ ਦੇ ਦਿਲੀਂ ਗੁਬਾਰ ਸਾਨੂੰ"
ਖੋਹ ਬਨਾਂ ਕਸੂਰ ਦੇ ਬੰਦ ਕੀਤੇ, ਸ਼ੇਰ ਸਮਝਿਆ ਕੀ ਡਕੇ ਮਾਰ ਸਾਨੂੰ"
ਨਾਂ ਕੋਈ ਪੁਛਦਾ ਤੇ ਨਾਂ ਕੋਈ ਦਸਦਾ ਸੀ, ਦਿਸੇ ਜੁਲਮ ਦਾ ਅੰਧ ਗੁਬਾਰ ਸਾਨੂੰ"
ਆਖਰ ਤੋਰ ਦਿਕ ਟੋਰੀ ਓਹਲਿਆ ਬੇੜਾ, ਅਪੀ ਰਤ ਨਾਲੀ ਪੰਦ ਕਾਰ ਸਾਨੂੰ"
ਨਾਂ ਕੁਝ ਪੁਛਿਆ ਹਾਲ ਨਿਆਣਿਆਂ ਦਾ, ਦਸਣ ਨਹੀਂ ਲੈ ਚਲੇ ਕਿਸ ਬਾਰ ਸਾਨੂੰ"
ਦੂਜੇ ਰੋਜ਼ ਵੈਨਕੋਵਰ ਆਣ ਪਹੁੰਚੇ, ਦਰ ਖੜਾ ਕੀਤਾ ਬਾਹਰ ਵਾਰ ਸਾਨੂੰ"
ਪੰਜ ਸਤ ਹਜ਼ਾਰ ਗਜ਼ ਫਾਸਲੇ ਤੇ, ਕੀਤਾ ਬੰਦ ਪਾਣੀ ਵਿਚਕਾਰ ਸਾਨੂੰ"
ਪਹਿਰੇ ਵਿਚੋਂ ਜਹਾਜ਼ ਦੇ ਚਾੜ੍ਹ ਦਿਤੇ, ਬਾਹਰ ਬੋਟ ਲਾਏ ਪਹਿਰੇਦਾਰ ਸਾਨੂੰ"
ਕਿਸ ਨੂੰ ਦਸੀਏ ਦਿਲ ਦਾ ਹਾਲ ਖੋਰੇ, ਕੋਈ ਪੁਛਦਾ ਨਾਂ ਗਮਖੁਆਰ ਸਾਨੂੰ"
ਬਾਤ ਚੀਤ ਕਰਨੇ ਸਾਨੂੰ ਬੰਦ ਕੀਤਾ, ਖੂਬ ਟਕਰੀ ਨੇਕ ਸਰਕਾਰ ਸਾਨੂੰ"
ਬੇੜੀ ਵਿਚੋਂ ਆਕੇ ਕੋਈ ਨਹੀਂ ਮਿਲਸੀ, ਕਿਹਾ ਦਿਲੀਓਂ ਤੁਸਾਂ ਲਲਕਾਰ ਸਾਨੂੰ"
ਦੇਦੇ ਜਾਣ ਨੇਦਾ ਖੋਰੇ ਹੁਕਮ ਨਹੀਂ, ਲਾਇਆ ਹੁਕਮ ਕਰੜਾ ਸਰਕਾਰ ਸਾਨੂੰ"
ਪਾਣੀ ਆਨ ਮੁਕਾ ਲੰਗਰ ਮਸਤ ਹੋਇਆ, ਕੋਈ ਪੁਛਦਾ ਨਾਂ ਖਬਰ ਸਾਰ ਸਾਨੂੰ"
ਪਾਣੀ ਪੀਣ ਨੂੰ ਨਾਂ ਅੰਨ ਖਾਣ ਨੂੰ ਨਾਂ, ਗਿਆ ਮਸਤ ਲੰਗਰ ਦਿਨ ਚਾਰ ਸਾਨੂੰ"
ਖੋਰੇ ਵਿਚੋਂ ਪਰਦੇਸ਼ ਦੇ ਸੁਰਤ ਆਏ, ਤਾਕੇ ਦਟੇ ਨੂੰ ਪੈ ਗਈ ਬਾਰ ਸਾਨੂੰ"
ਪਏ ਦੁਖ ਤੇ ਦੁਖ ਹਜ਼ਾਰ ਸੌ ਜੇ, ਆਹ! ਬਿਨਾਂ ਖੋਰੇ ਮਦਦਗਾਰ ਸਾਨੂੰ"
ਨਾਂ ਤੇ ਆਪ ਦੇਵੇ ਤੇ ਨਾਂ ਲੈਣ ਦੇਵੇ, ਗਾਸਨ ਭਾਈਆਂ ਤੇ ਜ਼ੁਲਮ ਲਾਚਾਰ ਸਾਨੂੰ"
ਗਾਸਨ ਹਿੰਦੀਆਂ ਦਾ ਗਦਾਰ ਗੋਰਿਆਂ ਦੇ, ਦੇਵੇ ਹਥੀਂ ਆਪਣੀ ਟਾਹਰੇ ਪਖਾਨ ਸਾਨੂੰ"

ਜਿਦੋਂ ਰਹੇ ਨਾਂ ਜੇਲ੍ਹ ਵਿਚ ਦੈਨ ਕੇਦਰ ' ਜ਼ਾਲਮ ਠੀਕ ਕਿਦੇ ਭੁੱਖੇ ਮਾਰ ਸਾਨੂੰ "
ਵਾਂਗ ਬੱਕਰਿਆਂ ਦੇ ਸਾਨੂੰ ਬੰਦ ਕੀਤਾ ' ਸ਼ਾਇਦ ਸਮਝਿਆ ਈ ਵਫਾਦਾਰ ਸਾਨੂੰ "
ਇਕ ਦਿਨ ਦੇਂਦੇ ਰਾਸ਼ਨ ਸਤ ਦਿਨ ਬੰਦ ਰਖਣ ਦਿੰਦੇ ਦੁਖ ਬੇ ਤਰਸ ਹਜ਼ਾਰ ਸਾਨੂੰ "
ਰੋਟੀ ਭੇਜਦੇ ਤਾਂ ਚਾਹ ਨਹੀਂ ਦਿੰਦੇ ' ਪੜ੍ਹ ਵੈਰਿਹ ਭੁੱਲ ਗਈ ਵਿਚਾਰ ਸਾਨੂੰ "
ਨਾਲੇ ਵਿੱਚ ਅਖਬਾਰਾਂ ਦੇ ਲਿਖਣ ਝੂਠ ' ਬੜੇ ਖੁਸ਼ੀ ਹਨ ਤਿਆਰ ਬਰ ਤਿਆਰ ਸਾਨੂੰ "
ਰੋਜ਼ ਪੋਹ ਆਖਣ ਹਿੰਦੀ ਕਰਨ ਕੂਹਕੇ ' ਵਿਚੋ ਵਿੱਚ ਦਿਤਾ ਭੁੱਖੇ ਮਾਰ ਸਾਨੂੰ "
ਖੋਰੇ ਰੋਗ ਮਕਾਨ ਇਨਸਾਫ ਕਰਦੇ ਨਾਂ ' ਦੁਖੀ ਕਰਨ ਦਿਨ ਰਾਤ ਬਸਿਆਰ ਸਾਨੂੰ "
ਇਕ ਦਿਨ ਗੀਦਹੰ ਗੁਰਿਆ ਜ਼ਾਲਮਾਂ ਨੇ ' ਸਰਗੀ ਮੂਲ ਨਹੀਂ ਖਬਰ ਸਾਰ ਸਾਨੂੰ "
ਅੱਧੀ ਰਾਤ ਵੇਲੇ ਧਾਵਾ ਉਨ੍ਹ ਕੀਤਾ ' ਕੌਣ ਚਿਹ ਫੜਹੁੰ ਨਹੀਂ ਦੇਣ ਮਾਰ ਸਾਨੂੰ "
ਅਸੀਂ ਕਿਤੇ ਮੁੜ ਜਾਵਾਂਗੇ ਦੇਵ ਰਾਸ਼ਨ ' ਸਦੇ ਰੋਜ਼ ਰੋਂ ਕੋਣ ਅਕਰਾਰ ਸਾਨੂੰ "
ਕੋਣ ਸੁਣਦਾ ਅਸਾਂ ਨਿਮਾਣਿਆਂ ਦੀ ' ਲਗੇ ਕਰਨ ਸਿਰ ਤੇ ਮਾਰੋ ਮਾਰ ਸਾਨੂੰ
ਫੌਜੀ ਚਾਰ ਸੌ ਬੰਦੇ ਤੇ ਰਾਤ ਅੱਧੀ ' ਸ਼ਸਤ੍ਰ ਪਹਿਨ ਆਏ ਕਰਨ ਵਾਰ ਸਾਨੂੰ
ਅਸੀਂ ਸਮਝਿਆ ਮਰਨ ਕੁਲੇਰਣ ਹੈ ' ਮਤਾਂ ਦੇਹਣਗੇ ਏਹ ਹਥੀਂ ਮਾਰ ਸਾਨੂੰ "
ਕਿਵੇਂ ਪੈਂਦਿਆਂ ਹੋ ਰਾਸ਼ਨ ਰੋਜ਼ ਹੈ ਨਹੀਂ ' ਲਿਆਂਦੇ ਜਪਾਨ ਵਿਚ ਕਰ ਸਾਨੂੰ "
ਇਕ ਭੁੱਖ ਪਿਆਸ ਨੇ ਚੂਰ ਕੀਤੇ ' ਹੋਰ ਦੁਖ ਪੈਂਦੇ ਬੇ ਸ਼ੁਮਾਰ ਸਾਨੂੰ "
ਜੇਹੜਾ ਹਥੀ ਦਭਾ ਸੀਆ, ਹਪਾ ਕਿਨਸਨ, ਅਗੇ ਹੋਇਆ ਕਹੇ ਲਲਕਾਰ ਸਾਨੂੰ "
ਅਬ ਤੇ ਖਾਤਮਾ ਹੋਇਗਾ ਇਸੀ ਥਾਂ ਮੇਂ ' ਹਥੀਂ ਆਪ ਪਿਸਤੌਲ ਗੋਲੀ ਮਾਰ ਸਾਨੂੰ "
ਜਦੋਂ ਵਿੱਚ ਦਰਵਾਜ਼ੇ ਦੇ ਵੜਨ ਲਗੇ ' ਦਿਤੇ ਰੋਕ ਮਤਾਂ ਕਰ ਸਨ ਖੁਆਰ ਸਾਨੂੰ "
ਸਾਡੇ ਹਥ ਖਾਲੀ ਉਨ੍ਹਾਂ ਕੋਲ ਸ਼ਸਤ੍ਰ ' ਆਏ ਮਾਰਨੇ ਨੂੰ ਨਅੱਤ ਧਾਰ ਸਾਨੂੰ "
ਅਸੀਂ ਸੋਚਿਆ ਮਰਨ ਹੈ ਰੋਗ ਪਾਸੀ ' ਜੇ ਨਾ ਲੜੇ ਤਾਂ ਭੀ ਦੇਸਨ ਮਾਰ ਸਾਨੂੰ "
ਏਹੋ ਸੋਚ ਕੇ ਖਾਲਸਾ ਤਿਆਰ ਹੋਇਆ ' ਕਰਨੇ ਵੈਰੀਆਂ ਦੇ ਪਏ ਵਾਰ ਸਾਨੂੰ "
ਹਿੰਦੂ, ਸਿੱਖ, ਉਠੇ ਬੱਚੇ ਗਾਜ਼ੀਆਂ ਦੇ ' ਖੋਰੇ ਖੂਨ ਆਇਆ ਜੋਸ਼ ਮਾਰ ਸਾਨੂੰ "
ਉਠੇ ਸ਼ੇਰ ਜਵਾਨ ਪਠਾਣ ਬਾਂਕੇ ' ਅਗੋਂ ਹੋ ਲੜਦੇ ਧਕੇ ਮਾਰ ਸਾਨੂੰ "
ਆਣ ਕਠ ਕੀਤਾ ਡਾਹਢਾ ਹਿੰਦੀਆਂ ਨੇ ' ਕੌਮੀ ਖੂਨ ਆਯਾ ਜੋਸ਼ ਮਾਰ ਸਾਨੂੰ "
ਇਕ ਦੂਸਰੇ ਦੇ ਅਗੇ ਹੋਏ ਲੜਦੇ ' ਸਦੇ ਸੈਂਤ ਦੂਰੋਂ ਹਾਕਾਂ ਮਾਰ ਸਾਨੂੰ "
ਪੈਂਗਲੇ ਹਥ ਸਟੀਮ ਦੇ ਪੱਧੇ ਫੜੇ ' ਉਤੇ ਹਿੰਦੀਆਂ ਦੇ ਪੂਰੇ ਧਾਰ ਸਾਨੂੰ "
ਅਸਾਂ ਸੀਸ ਨੂੰ ਕੀਆ ਤਲੀ ਉਤੇ ' ਕੈਹੜਾ ਸਕਦਾ ਸੀ ਭੁੱਲਾਂ ਮਾਰ ਸਾਨੂੰ "
ਅਸੀਂ ਸ਼ੇਰਾਂ ਦੇ ਵਾਂਗ ਤਿਆਰ ਹੋਏ ' ਮਿਲਿਆ ਰਬ ਸਚੇ ਸ਼ਿਕਾਰ ਸਾਨੂੰ "
ਗੋਰੇ ਚੜ੍ਹ ਨਾਲ ਦਿੱਤੇ ਜਹਾਜ਼ ਉਤੇ ' ਤਾਂ ਫਿਰ ਗੋਲੀਆਂ ਦੇ ਕੀਤੇ ਵਾਰ ਸਾਨੂੰ

ਅਗੋਂ ਹੋਏ ਉਹ ਗੋਲੀਆਂ ਮਾਰਦੇ ਸੱਨ । ਜੇਹੜੇ ਦਿਸਦੇ ਸਨ ਡਾਹਢੇ ਖਾਰ ਸਾਨੂੰ ॥
ਅਸੀਂ ਕੋਲਿਆਂ ਨਾਲ ਜਵਾਬ ਦਿਤਾ । ਨਜ਼ਰ ਆ ਗਈ ਭੇਡਾਂ ਦੀ ਡਾਰ ਸਾਨੂੰ ॥
ਜ਼ਖਮੀ ਹੋਏ ਗਏ ਕਈ ਜਵਾਨ ਭਾਂਵੇਂ । ਔਖਰ ਜਿੱਤ ਦਿੱਤੀ ਕਰਤਾਰ ਸਾਨੂੰ ॥
ਅੱਧੀ ਰਾਤ ਸਾਡੇ ਉੱਤੇ ਹੋਊ ਧਾਵਾਂ । ਇਸ ਗੱਲ ਦੀ ਨਹੀਂ ਸੀ ਸਾਰ ਸਾਨੂੰ ॥
ਵਿੱਚ ਸ਼ਹਿਰ ਦੇ ਵੀਰਨੇਂ ਪਵੇ ਰੌਲਾ । ਸਾਰਾ ਹਾਲ ਦਿਸੇ ਸੁਬ੍ਹਾ ਸਾਰ ਸਾਨੂੰ ॥
ਸਦੇ ਪਲਟਨਾਂ ਤਿਆਰ ਬਰ ਤਿਆਰ ਹੋ ਗਏ ਆਦਮ ਨਜ਼ਰ ਆਵੇ ਬੇ ਸ਼ੁਮਾਰ ਸਾਨੂੰ ॥
ਰੋਕੇ ਦਿਸਨ ਵੀਰੇ ਚਾਰੇ ਬਾਰ ਸਾਡੇ । ਦਿਸੇ ਲਸ਼ਕਦੀ ਤੇਜ਼ ਤਲਵਾਰ ਸਾਨੂੰ ॥
ਸਦੇ ਚੋਟ ਲੜਾਈ ਦੇ ਜਮਾ ਕੀਤੇ । ਮੌਤ ਪਈ ਤਕੇ ਝਾਤੀ ਮਾਰ ਸਾਨੂੰ ॥
ਖਬਰ ਨਹੀਂ ਕਿਥੋਂ ਆਦਮ ਟੁੱਟ ਆਯਾ । ਖੜੇ ਦੇਖਦੇ ਲੋਕ ਹਜ਼ਾਰ ਸਾਨੂੰ ॥
ਕਿੰਗ ਜਾਰਜ, ਤਾਂਈ ਅਸੀਂ ਤਾਰ ਭੇਜੀ । ਰੱਖ ਜਾਣਦਾ ਨੇ ਵਫਾਦਾਰ ਸਾਨੂੰ ॥
ਤਾਰਾਂ ਭੇਜੀਆਂ ਡੀਉਕ ਕਨਾਟ ਵਲੇ । ਅਸੀਂ ਮਰਦੇ ਹਾਂ ਬਿਨਾਂ ਮਦਦਗਾਰ ਸਾਨੂੰ ॥
ਅਸੀਂ ਸੋਚਾਂਗੇ ਤੁਸਾਂ ਦੀ ਗਲ ਵਲੋਂ । ਏਹ ਜਵਾਬ ਦੇਵੇ ਸਰਕਾਰ ਸਾਨੂੰ ॥
ਅਸੀਂ ਮਰ ਗਏ ਉਧਰ ਸੋਚ ਹੋਵੇ । ਬਸ ਦਿਸ ਪਏ ਭੈੜੇ ਆਸਾਰ ਸਾਨੂੰ ॥
ਅਸੀਂ ਤਾਰ ਪਰ ਤਾਰ ਖੜਕੋਣ ਲੱਗੇ । ਅਜ ਸਾਂਭੇ ਅਗ੍ਰੇਜ਼ੀ ਸਰਕਾਰ ਸਾਨੂੰ ॥
ਹਮੇ ਤੋ ਕੁਛ ਨਹੀਂ ਕਰ ਸਕਦੇ ਮਦਦ ਤੁਮਰੀ ਏਹ ਜਵਾਬ ਆਯਾ ਆਖਰ ਕਾਰ ਸਾਨੂੰ ॥
ਖਾਰੇ ਕਿਹਾ ਅੰਪੇਰੀ ਨੇ ਜ਼ੋਰ ਪਾਇਆ । ਚਾਰੋਂ ਤਰਫ ਦਿਸੇ ਮੌਦੂਕਾਰ ਸਾਨੂੰ ॥
ਹਰ ਇੱਕ ਤਰਫ ਤਿਆਰੀਆਂ ਮਰਨੇ ਦੀਆਂ ਕੋਈ ਦਿਸਦਾ ਨਹੀਂ ਮਦਦਗਾਰ ਸਾਨੂੰ ॥
ਲੱਖਾਂ ਕਟ ਮੁਸੀਬਤਾਂ ਅਸੀਂ ਆਏ । ਅੱਗੇ ਦੁਖ ਤੇ ਦੁਖ ਹਜ਼ਾਰ ਸਾਨੂੰ ॥
ਜਿਸ ਦੀ ਲਈ ਜਾਨਾਂ ਬੇਚ ਗਏ ਲੜਦੇ । ਭੁਲ ਗਈ ਅੰਗ੍ਰੇਜ਼ੀ ਸਰਕਾਰ ਸਾਨੂੰ ॥
ਤੋਪਾਂ ਚਾੜੀਆਂ ਅਸਾਂ ਨਿਰਦੋਸ਼ਿਆਂ ਤੇ । ਦਿੰਦੇ ਦੁੱਖ ਡਾਹਢੇ ਸਿਤਮਗਾਰ ਸਾਨੂੰ ॥
ਅਸੀਂ ਤਿੰਨ ਸੈ ਬਿਨਾਂ ਹਥਿਆਰ ਹਿੰਦੀ । ਮਾਰਨ ਆ ਗਏ ਕਈ ਹਜ਼ਾਰ ਸਾਨੂੰ ॥
ਕੇਹੜਾ ਜੰਮਿਆਂ ਸੀ ਸਾਨੂੰ ਮੋੜ ਦਿੰਦਾ । ਗਵਰਮਿੰਟ ਹੁੰਦੀ ਮਦਦਗਾਰ ਸਾਨੂੰ ॥
ਤਾਕਤ ਕੀ ਸੀ ਕਨੇਡੇ ਦੇ ਬੋਲਣੇ ਦੀ । ਜੇ ਫਰੰਗ ਨਾਂ ਕਰਦਾ ਖੁਆਰ ਸਾਨੂੰ ॥
ਮੁਦਾਂ ਅਜ ਭੇਦ ਸਾਰਾ ਜ਼ਾਹਰ ਹੋਇਆ । ਦੇਵੇ ਦੁੱਖ ਏਹ ਆਪ ਬਦਕਾਰ ਸਾਨੂੰ ॥
ਕਾਬਲ ਵਿੱਚ ਭਾਈਆਂ ਨਾਲ ਅਸੀਂ ਲੜਦੇ ਭੁਲੀ ਨਹੀਂ ਚਤਰਾਲ ਦੀ ਵਾਰ ਸਾਨੂੰ ॥
ਅਸੀਂ ਚੀਨ ਅਫਰੀਕਾ ਨੂੰ ਫਤੇ ਕੀਤਾ । ਸਾਡੇ ਕਰਤਬਾਂ ਨੇ ਲਿਆ ਮਾਰ ਸਾਨੂੰ ॥
ਭਾਈਆਂ ਨਾਲ ਲੜਕੇ ਅਸੀਂ ਵੈਰ ਪਾਇਆ ਭਰਨੀ ਪਈ ਕੀਤੀ ਸਾਡੀ ਕਾਰ ਸਾਨੂੰ ॥
ਖਾ ਖਾ ਗੋਲੀਆਂ ਰਾਜ ਨੂੰ ਕੈਮ ਕੀਤਾ । ਜ਼ਾਲਮ ਨਜ਼ਰ ਆਇਆ ਦਗੇਦਾਰ ਸਾਨੂੰ ॥

ਨ ਸੁਕਿਆ ਨਹੀਂ ਸਾਡਾ ਜ਼ਿਮੀ ਉਤੋਂ । ਪਏ ਦੁੱਖ ਸੀ ਬੇ ਸ਼ੁਮਾਰ ਸਾਨੂੰ ॥
ਨਾਂ ਵਿਚ ਬੈਠੇ ਖੋਰੇ ਭੰਗ ਭਾੜੇ । ਵੀਰੋ ਅਜ ਲਗੀ ਖਬਰ ਸਾਰ ਸਾਨੂੰ ॥
ਰੇ ਜੀਉਣੇ ਦਾ ਕਾਹਦਾ ਹਜ ਸਾਡਾ । ਦੁਰੇ ਦੁਰੇ ਕਰਦਾ ਜਨਸਾਰ ਸਾਨੂੰ ॥
ਡ ਹੱਕ ਕੀਏ ਮੁਲਕਾਂ ਦੂਜਿਆਂ ਚੋ । ਮੁਲਕ ਵਿਚੋਂ ਲਗਣ ਧੱਕੇ ਚਾਰ ਸਾਨੂੰ ॥
ਪੇ ਕਰੇ ਇਜ਼ਤ ਸਾਰਾ ਜਗ ਸਾਡੀ । ਮੁਲਕੀ ਰਾਜ ਹੋਵੇ ਖੁਦ ਮੁਖਤਾਰ ਸਾਨੂੰ ॥
ਡਾਂ ਰਾਜ ਹੋਵੇ ਸਾਡਾ ਭਾਗ ਹੋਵੇ । ਫੇਰ ਕਰੇ ਹਰ ਇੱਕ ਕਿਉਂ ਨਾਂ ਪਿਆਰ ਸਾਨੂੰ ॥
ਦਾ ਨਹੀਂ ਦੂਜੇ ਦੇਸ਼ੀਂ ਆਉਣੇ ਦਾ । ਲਗੀ ਅੱਜ ਹੈ ਠੀਕ ਵਿਚਾਰ ਸਾਨੂੰ ॥
ਸਾ ਬੇਹਤ ਖੋਰੇ ਸਾਡੇ ਦੇਸ਼ ਅੰਦਰ । ਲੁਟੀ ਜਾਂਦੇ ਫਰੰਗੀ ਸ੍ਰਕਾਰ ਸਾਨੂੰ ॥
ਦ ਵਾਨ ਰੁਲਦੇ ਜੇਲ੍ਹਾਂ ਵਿਚ ਸਾਡੇ । ਕਰਨੀ ਮਿਲੇ ਨਾਂ ਹਾਲ ਪੁਕਾਰ ਸਾਨੂੰ ॥
ਖਾਂ ਜੰਗ ਕੀਤੇ ਖਾਤ੍ਰ ਦੁਸ਼ਮਣਾਂ ਦੀ । ਤਾਂਹੀ ਪਈ ਬਾਜ਼ੀ ਵਿਚੋਂ ਹਾਰ ਸਾਨੂੰ ॥
ਕਰ ਬੋਲਦੇ ਹਾਂ ਬਾਗ਼ੀ ਕੈਹਣ ਸਾਨੂੰ । ਜ਼ਰਾ ਪੁਛਦੇ ਨਹੀਂ ਖਬਰ ਸਾਰ ਸਾਨੂੰ ॥
ਥੇ ਮਰਦੇ ਹਾਂ ਕਾਲ ਪਲੇਗ ਪਾਈ । ਕਰਦੇ ਦੇਸ਼ ਪਰਦੇਸ਼ ਖੁਆਰ ਸਾਨੂੰ ॥
ਦੋਸਤਾਨੀਓ ਹੁਣ ਕੇਹੀ ਡੇਰ ਲਾਈ । ਦੁਸ਼ਮਣ ਕਈ ਕਰ ਚੁਕਾ ਹੈ ਵਾਰ ਸਾਨੂੰ ॥
ਲੋਂ ਗਦਰ ਕਰੀਏ ਚਲ ਮੁਲਕ ਅੰਦਰ । ਲਗੀ ਅਜ ਪੰਜਾਬੀਓ ਸਾਰ ਸਾਨੂੰ ॥
ਰ ਮਾਰ ਭਰਾਵਾਂ ਦੇ ਘਾਣ ਲਾਹੇ । ਆਈ ਜ਼ਰਾ ਨਾਂ ਸੋਚ ਵਿਚਾਰ ਸਾਨੂੰ ॥
ਖਾ ਗੋਲੀਆਂ ਲੜੇ ਫਰੰਗ ਬਦਲੇ । ਖੋਰੇ ਜਿਆ ਭੁਲੇਖੇ ਨੇ ਮਾਰ ਸਾਨੂੰ ॥
ਨੇ ਸੁਣਨ ਵਾਲੇ ਹਿੰਦੋਸਤਾਨ ਵੀਰੋ । ਕੋਈ ਦਸੇ ਖਾਂ ਨੇਕ ਵਿਚਾਰ ਸਾਨੂੰ ॥
ਮਾਂ ਖਾ ਲੀਆਂ ਅਸਾਂ ਨੇ ਬੈਠ ਗੋਸ਼ੇ । ਕਰਨਾਂ ਪਵੇਗਾ ਯੁਧ ਬਲਧਾਰ ਸਾਨੂੰ ॥
ਓ ਹਿੰਦੀਓ ਰਲਕੇ ਗਦਰ ਕਰੀਏ । ਹੋਣਾਂ ਗਦਰ ਬਿਨ ਨਹੀਂ ਛੁਟਕਾਰ ਸਾਨੂੰ ॥

---

ਰੇ ਵੀਰਨੋਂ ਤੁਸਾਂ ਬੇ ਖਤਰ ਰੈਹਣਾਂ । ਅਸੀਂ ਆਪਣੇ ਹਥ ਦਿਖਾ ਦਿਆਂਗੇ ॥
ਅਸਾਂ ਨੂੰ ਇਨੀਂ ਤਕਲੀਫ ਦਿਤੀ । ਫਲ ਏਸ ਦਾ ਅਸੀਂ ਚਖਾ ਦਿਆਂਗੇ ॥
ਕੀਤੀਆਂ ਅਸਾਂ ਨੇ ਦੇਸ਼ ਵਲੀ । ਚਲਕੇ ਮੁਲਕ ਅੰਦਰ ਡੇਰਾ ਲਾ ਦਿਆਂਗੇ ॥
ਚਾਪ ਨਹੀਂ ਬੈਠਦੇ ਦੇਖ ਲੈਣਾਂ । ਆਫਤ ਕੋਈ ਨਾਂ ਕੋਈ ਲਿਆ ਦਿਆਂਗੇ ॥
ਤਲੀ ਪਰ ਰਖਿਆ ਸੀਸ ਆਪਣਾਂ । ਕੇਰਾਂ ਹਿੰਦ ਵਿਚ ਗਦਰ ਮਚਾ ਦਿਆਂਗੇ ॥
ਦੀ ਜਾਨ ਨਹੀਂ ਹਟਦੇ ਪਿਛਾਂ ਕਰਦੇ । ਜਿਨਾਂ ਜ਼ੋਰ ਲਗੂ ਵਾਹ ਲਾ ਦਿਆਂਗੇ ॥
ਦੇ ਮਿਨਤ ਨਹੀਂ ਅਸੀਂ ਬਦਮਾਸ਼ੀ ਹੁਣ ਡੰਡਾ ਮਾਰਕੇ ਮੂੰਹ ਭਵਾ ਦਿਆਂਗੇ ॥
ਲਗਾ ਚੁਕਾ ਮਨ ਭੀ ਹਈ ਏਥੇ । ਗੈਹਿੰਦਾ ਸੀਸ ਬਾਕੀ ਏਹ ਭੀ ਲਾ ਦਿਆਂਗੇ ॥

ਮਤਾਂ ਸਮਝ ਕੇ ਯਾਰ ਪਿਆਰ ਕਰਗੇ ਸੇਂ 'ਕਾਲੇ ਨਾਗ ਨੂੰ ਅਸੀਂ ਸਮਝ ਗਏ ਹਾਂ"
ਓੜਕ ਫਲ ਦੇ ਦੁੱਖ ਮੁਸੀਬਤਾਂ ਨੂੰ 'ਭਾਰਤ ਮਾਤ ਦੀ ਗੋਦ ਵਿੱਚ ਆ ਗਏ ਹਾਂ"
ਅਬਲਾ ਨਾਰ ਮਾਤਾ ਹਿੰਦੋਸਤਾਨ ਸਾਡੀ ਦੁਖੀ ਵੇਖ ਕੇ ਜੋਸ਼ ਵਿੱਚ ਆ ਗਏ ਹਾਂ"
ਕੀਤਾ ਤੰਗ ਫਰੰਗੀ ਨੇ ਬਹੁਤ ਸਾਨੂੰ 'ਅਸੀਂ ਉਸ ਦਾ ਦਿਲ ਧੜਕਾ ਗਏ ਹਾਂ"
ਹਿੰਦੀ ਪੂਰਕ ਸੁੱਤੇ ਪਾਸਾ ਪਰਤਦੇ ਨਾਂ 'ਹਲੂਣ ਮਾਰ ਕੇ ਅਸੀਂ ਜਗਾ ਗਏ ਹਾਂ"
ਜ਼ਾਲਮ ਫੌਜ ਆਈ ਮਰੋਂ ਮਾਰਨੇ ਨੂੰ 'ਚਲੀ ਚਾਲ ਪਰ ਚਾਲ ਬਚਾ ਗਏ ਹਾਂ"
ਪੁਲਸ ਪਕੜਨਾ ਚਾਹੇ ਸਰਦਾਰ ਜੀ ਨੂੰ 'ਰੰਗ ਅਸੀਂ ਭੀ ਹੋਰ ਬਦਲ ਗਏ ਹਾਂ"
ਸਾਡੇ ਬਾਗ ਤੇ ਖਿਜਾਂ ਫਰੰਗ ਆਈ 'ਜੈਸਾਂ ਫੁੱਲ ਗੁਲਾਬ ਕਮਲਾ ਗਏ ਹਾਂ"
ਕਦੇ ਵਿੱਚ ਅਸਮਾਨ ਦੇ ਚਮਕਦੇ ਸਾਂ ਸੂਰਜ ਬਦਲੀਆਂ ਹੇਠ ਹੁਣ ਆ ਗਏ ਹਾਂ"
ਕਦੇ ਵਿੱਚ ਪ੍ਰਵਾਰ ਦੇ ਖੇਲਦੇ ਸਾਂ 'ਬਾਲ ਬੱਚੇ ਸਭ ਛੋੜ ਸਿਧ ਗਏ ਹਾਂ"
ਮਾਤ੍ਰ ਹਿੰਦ ਦੀ ਜਿੰਦੜੀ ਦੁਖ ਦਿਤੀ 'ਬਾਜ਼ੀ ਸਿਰਾਂ ਦੀ ਸਭ ਅਸੀਂ ਲਾ ਗਏ ਹਾਂ"
ਸਲਾਂ ਨਾਲ ਨਾ ਹੋਵੇ ਦੇ ਗਦਰ ਪਾਰੇ 'ਗਦਰ ਕਰਨ ਦੀ ਰੀਤ ਚਲਾ ਗਏ ਹਾਂ"
ਜਿਸਮ ਜਿਆ ਸੀ ਹਿੰਦ ਦਾ ਖੂਨ ਪੀਕੇ ਮਾਤ ਚਰਨਾਂ ਦੇ ਵਿੱਚ ਸਮਾ ਗਏ ਹਾਂ"
ਮੌਤ ਕੁੱਤੇ ਦੀ ਮਰਨ ਡਰਪੋਕ ਹਿੰਦੀ 'ਮੌਤ ਬਹਾਦਰੀ ਮਰਨ ਸਿਖਾ ਗਏ ਹਾਂ"
ਬੱਚੇ ਸ਼ੇਰ ਦੇ ਸੈਂ ਸ਼ੇਰਾਂ ਵਿੱਚ ਰਹਿੰਦੇ 'ਅੰਤ ਸ਼ੇਰ ਦੀ ਝਪਟ ਚਲਾ ਗਏ ਹਾਂ"
ਲੜਾਂ ਜੰਗ ਸ਼ਮਸ਼ੇਰ ਨੂੰ ਦੇਰ ਦਾ ਸੀ 'ਅੰਤ ਜਾਨ ਫਰੰਗ ਤੇ ਲਾ ਗਏ ਹਾਂ"
ਮੁਲਕ ਲੁਟਿਆ ਆਣ ਪ੍ਰਦੇਸੀਆਂ ਨੇ 'ਸੁੱਤੇ ਹਿੰਦ ਨੂੰ ਅਸੀਂ ਜਗਾ ਗਏ ਹਾਂ"
ਚਮਨ ਸੁਕਦਾ ਸੀ ਪਾਣੀ ਬਾਝ ਸਾਡਾ 'ਖੂਨ ਜਿਗਰ ਤੋਂ ਨੈਹਿਰ ਚਲਾ ਗਏ ਹਾਂ"
ਬੜੀ ਧਾਰ ਪੀਤਾ ਮਿੱਠਾ ਸ਼ੀਰ ਮਾਤਾ 'ਤੇਗੀ ਜਾਨ ਤੋਂ ਸ਼ਾਨ ਖੁਆ ਗਏ ਹਾਂ"
ਜਲਦੀ ਮਿਲੇਗੀ ਗਦਰ ਦੀ ਫੌਜ ਏਥੇ 'ਅਸੀਂ ਗਦਰ ਦਾ ਬਿਗਲ ਵਜਾ ਗਏ ਹਾਂ"
ਮਰਨਾ ਅੰਤ ਸੀ ਅਜੇ ਨਾ ਕਲ ਮਰਦੇ 'ਮੌਤ ਸ਼ਾਨ ਵਾਲੀ ਅਸੀਂ ਪਾ ਗਏ ਹਾਂ"
ਉਠੋ ਗਦਰ ਦੇ ਪ੍ਰੇਮੀਓ ਬਹੁਤ ਜਲਦੀ 'ਮਿੱਠੇ ਕਿਹੇ ਨਾ ਵਕਤ ਵਿਹਾ ਗਏ ਹਾਂ"
ਹੋਸੀ ਮੇਲ ਨਾ ਤੁਸਾਂ ਦੇ ਨਾਲ ਸਾਡਾ 'ਛੱਡ ਜਿਸਮ ਉਡਾਰੀਆਂ ਲਾ ਗਏ ਹਾਂ"
ਤਾਜ ਰੱਖਣ ਦਾ ਦਾਮਨਾਂ ਸੂਕ ਜਾਂਦੇ 'ਸੀਨੇ ਦੁਸ਼ਮਨਾਂ ਦੇ ਜੋ ਹਿਲਾ ਗਏ ਹਾਂ"
ਬਹੁਤ ਚਿਰਾਂ ਤੋਂ ਵਕਤ ਉਡੀਕਦੇ ਸਾਂ 'ਗਲੇ ਵਿੱਚ ਹਾਰ ਸ਼ਹੀਦੀ ਦਾ ਪਾ ਗਏ ਹਾਂ"
ਬੱਤੀ ਕੋਟ ਦੀ ਰੋਵੇ ਵਡੇਰ ਸਾਡੇ 'ਜਿਵੇਂ ਤੁਸਾਂ ਦਾ ਅਸੀਂ ਵੇਖ ਗਏ ਹਾਂ"
ਜਿਸਮ ਅਸਾਂ ਦਾ ਗੋਲੀਆਂ ਨਾਲ ਛਾਣਿਆ 'ਜ਼ਾਲਮ ਰਾਜ ਦੀ ਜੜ੍ਹ ਹਲਾ ਗਏ ਹਾਂ"
ਪੈਹੁੰਚੇ ਆਖਰੀ ਪ੍ਰੇਮ ਪਿਆਰਿਆਂ ਦਾ 'ਦਰਦ ਦਿਲਾਂ ਦੇ ਦਿਲਾਂ ਵਿੱਚ ਲਾ ਗਏ ਹਾਂ"

ਕਰਨੀ ਖਿਮਾ ਤੇ ਸਦਾ ਖੁਸ਼ਿਨ ਰੈਹਿਣਾਂ । ਕੋਈ ਖਤਾ ਜੇ ਅਸੀਂ ਕਮਾ ਗਏ ਹਾਂ ॥
ਬੋਲੋ ਗੱਜ ਬੰਦੇ ਮਾਤ੍ਰਮ ਅੰਤ ਵਾਰੀ । ਪ੍ਰੀਤਮ ਆਖਰੀ ਸੁਖਨ ਸੁਨਾ ਗਏ ਹਾਂ ॥

---

## ਸੋਚ ਵਿਚਾਰ

ਖੋਲੋ ਅੱਖੀਆਂ ਜ਼ਰਾ ਹੁਸ਼ਿਆਰ ਹੋਵੋ । ਮੁਸਲਮਾਨ ਹਿੰਦੂ ਹਿੰਦੋਸਤਾਨ ਵਾਲੇ ॥
ਝੂਠੇ ਝਗੜਿਆਂ ਨੇ ਸਾਡਾ ਨਾਸ਼ ਕੀਤਾ । ਗੋਰੇ ਲੁਟੱਦੇ ਪੁਤ ਸ਼ੈਤਾਨ ਵਾਲੇ ॥
ਕਈ ਮਸਜਦੀਂ ਬੈਠ ਗੁਜ਼ਰਾਨ ਕਰਦੇ ਕੰਮ ਜਾਣਦੇ ਨਾਂ ਮੁਸਲਮਾਨ ਵਾਲੇ ॥
ਕਈ ਮੋਨਧਾਰੀ ਬਣੇ ਸਾਧ ਫਿਰਦੇ । ਨਹੀਂ ਜਾਣਦੇ ਕੰਮ ਇਨਸਾਨ ਵਾਲੇ ॥
ਕਈ ਸਿਖ ਸੂਰੇ ਅੱਖਾਂ ਮੀਟ ਬੈਠੇ । ਝਗੜੇ ਘੱਤਦੇ ਖਰੜ ਗਿਆਨ ਵਾਲੇ ॥
ਕਈ ਸੰਤ ਮਹਾਤਮਾਂ ਬਣੇ ਫਿਰਦੇ । ਗੱਲਾਂ ਥੋੜੀਆਂ ਤੇ ਘੁਬਰਾਨ ਵਾਲੇ ॥
ਉਲਟੇ ਝਗੜਦੇ ਕੁਲ ਜਹਾਨ ਨਾਲੋਂ । ਆਪੇ ਕੈਹਣ ਹਾਂ ਅਸੀਂ ਦੀਵਾਨ ਵਾਲੇ ॥
ਬਗਲਾਂ ਡੁਬਿਆ ਹਨਸ ਦੀ ਰੀਸ ਕਰਕੇ । ਨਹੀਂ ਜਾਣਦਾ ਢੰਗ ਤਰ ਜਾਨ ਵਾਲੇ ॥
ਗਿਆ ਉਲਟ ਜ਼ਮਾਨੇ ਦਾ ਰੰਗ ਯਾਰੋ । ਰਹੇ ਵਕਤ ਨਾਂ ਡੇਰ ਲਗਾਨ ਵਾਲੇ ॥
ਬੇਈਮਾਨਾਂ ਦੇ ਪੁਤ ਸ਼ੈਤਾਨ ਜੇੜ੍ਹੇ । ਭੇਦ ਗੋਰਿਆਂ ਕੋਲ ਬਤਾਨ ਵਾਲੇ ॥
ਚੁਗਲ ਖੋਰ ਨੂੰ ਲੁਟ ਕੰਗਾਲ ਕਰਨਾਂ । ਘਰ ਫੂਕ ਦੇਣੇ ਬੇਈਮਾਨ ਵਾਲੇ ॥
ਹਥੱ ਕੰਗਣੇ ਮੌਤ ਦੇ ਬਨੱ ਲੈਣੇ । ਜੀਜ ਗੋਰਿਆਂ ਦੇ ਘਰੀ ਜਾਨ ਵਾਲੇ ॥
ਐਸੇ ਆਦਮੀ ਕਰਨ ਗੁਫਤਾਰ ਕਾਨੂੰ । ਜੇੜ੍ਹੇ ਮੌਤ ਕੋਲੋਂ ਡਰ ਜਾਨ ਵਾਲੇ ॥
ਹਿੰਦੋਸਤਾਨ ਅੰਧੇਰ ਗੁਬਾਰ ਦਿਸੇ । ਕਰੋ ਤਿਆਰੀਆਂ ਸ਼ਮਾਂ ਜਗਾਨ ਵਾਲੇ ॥
ਰਹੀ ਬੁਜ਼ਦਿਲਾਂ ਦੀ ਨਹੀਂ ਲੋੜ ਕੋਈ । ਆਓ ਹਥੱ ਦਾ ਹੁਨਰ ਦਖਲਾਨ ਵਾਲੇ ॥
ਭੱਜ ਜਾਣਗੇ ਐਸ ਮੈਦਾਨ ਵਿਚੋਂ । ਵੰਗ ਔਰਤਾਂ ਦੇ ਡਰ ਜਾਨ ਵਾਲੇ ॥
ਭਾਈ ਮੋਰਿਓ ਜ਼ਰਾ ਖਿਆਲ ਕਰਨਾਂ । ਰਖੋ ਹੌਸਲਾ ਜੰਗੱ ਮਚਾਨ ਵਾਲੇ ॥
ਕਲਮ ਸਿਪਾਹੀ ਦਾ ਖਾਤਮਾਂ ਨਹੀਂ ਹੁੰਦਾ । ਨਹੀਂ ਮੁਕਰੇ ਹਰਫ ਜ਼ਬਾਨ ਵਾਲੇ ॥
ਬਣੇ ਮਰਦ ਗਾਜ਼ੀ ਮੁਸਲਮਾਨ ਸਾਰੇ । ਆਓ ਸਿੰਘ ਸ਼ਹੀਦੀਆਂ ਪਾਨ ਵਾਲੇ ॥
ਜਾਬਰ ਬਾਦਸ਼ਾਹ ਦਾ ਕਰੋ ਗਰਕ ਬੇੜਾ । ਪਰੈਜ਼ੀਡੈਂਟ ਦੇ ਝੰਡੇ ਝੁਲਾਨ ਵਾਲੇ ॥
ਧੌਲਾਂ ਮਾਰ ਲੈਣਾਂ ਦੇਸ਼ਘਾਤੀਆਂ ਨੂੰ । ਜੇੜ੍ਹੇ ਗੋਰਿਆਂ ਦੇ ਘਰੀਂ ਜਾਨ ਵਾਲੇ ॥
ਗਦਰ ਪਾਰਟੀ ਨੂੰ ਨਹੀਂ ਲੋੜ ਕੋਈ । ਜੇੜ੍ਹੇ ਆਪਣਾ ਆਪ ਛੁਪਾਨ ਵਾਲੇ ॥
ਪਿੰਡਾਂ ਵਾਲਿਓ ਮਾਮਲੇ ਬੰਦ ਕਰ ਲੋ । ਕਰੋ ਤਿਆਰੀਆਂ ਲੁਟ ਮਚਾਨ ਵਾਲੇ ॥

ਜਾਦੇ ਬੈਠਕੇ ਜੋੜਨਾਂ ਨਹੀਂ ਢੰਗਾਂ । ਆਓ ਤੋਪ ਬੰਦੂਕ ਚਲਾਨ ਵਾਲੇ "
ਧੋਖੇ ਵਿਚੋਂ ਨਾਂ ਕਿਸੇ ਦੇ ਮੂਲ ਔਣਾਂ । ਕਦੀ ਔਣਗੇ ਦਗਾ ਕਮਾਨ ਵਾਲੇ "
ਆਪੋ ਆਪਣੇ ਫਰਜ਼ ਅਦਾ ਕਰੀਏ । ਸਿਖ ਹਿੰਦੂ ਤੇ ਮੁਸਲਮਾਨ ਵਾਲੇ "
ਮਿਲ ਜਾਣ ਫਕੀਰ ਦੇ ਨਾਲ ਬੰਦੇ । ਦੀਨ, ਮਜ਼ਹਬ ਦਾ ਭਰਮ ਮਟਾਨ ਵਾਲੇ "

---

## ਪੰਥ ਅਗੇ ਪ੍ਰਾਰਥਨਾ

ਖੋਲੋ ਅਖੀਆਂ ਤੁਸੀਂ ਕਿਓਂ ਚੁਪ ਬੈਠੇ । ਭਾਰਤ ਵਰਸ਼ ਦੀ ਹੋਏ ਕੇ ਉਜਾੜ ਸਿਖੋ "
ਕੇਹੜੀ ਗਲੋਂ ਖਾੜੂ ਪੰਥ ਸਾਜਿਆ ਸੀ । ਕਰੋ ਸਤਗੁਰਾਂ ਦੇ ਬਚਨ ਯਾਦ ਸਿਖੋ "
ਕਿਵੇਂ ਸਤਗੁਰਾਂ ਪੰਥ ਦੀ ਬੀੜ ਬੰਨੀ । ਦਿਤੇ ਲਾਲ ਚਾਰੇ ਬੁਨੀਆਦ ਸਿਖੋ "
ਜ਼ੁਲਮ ਡਕਣੇ ਨੂੰ ਗੁਰਾਂ ਸਾਜਿਆ ਸੀ । ਕੀਤੇ ਹੋਰ ਦੇ ਹੋਰ ਇਰਾਦ ਸਿਖੋ "
ਪਏ ਮੌਤ ਦੀ ਖੌਫ ਤੋਂ ਕੰਬਦੇ ਹੋ । ਤੁਸਾਂ ਨਹੀਂ ਸ਼ਹੀਦੀਆਂ ਯਾਦ ਸਿਖੋ "
ਪਏ ਚਾਰ ਚੁਫੇਰਿਓਂ ਪੈਣ ਧਕੇ । ਘਰ ਵਿਚੋਂ ਨਹੀਂ ਮਿਲਦੀ ਕੇਵਲ ਦਾਦ ਸਿਖੋ
ਸਾਡਾ ਜਗਤ ਸਾਨੂੰ ਮੇਹਣੇ ਮਾਰਦਾ ਹੈ । ਕਰੋ ਹਿੰਦ ਨੂੰ ਝਬ ਆਜ਼ਾਦ ਸਿਖੋ "
ਦੇਖੋ ਵਾਂਗ ਸਤਵੰਜੇ ਨਾਂ ਭੁਲ ਜਾਣਾਂ । ਖੂਬ ਰਖਣਾਂ ਵਕਤ ਨੂੰ ਯਾਦ ਸਿਖੋ "
ਉਠੋ ਜਲਦ ਕਲੰਕੀ ਦਾ ਦਾਗ਼ ਧੋਈਏ । ਵਕ ਗੁਰੂ ਦੇ ਜੇ ਤੁਸਾਂ ਯਾਦ ਸਿਖੋ "
ਮਿਲਕੇ ਨਾਲ ਮਰਹਟੇ ਬੰਗਾਲੀਆਂ ਦੇ । ਮੁਸਲਮਾਨ ਹਿੰਦੂ ਹੋਈਏ ਸ਼ਾਦ ਸਿਖੋ "
ਆਓ ਸਿਖੋ ਭਾਈਓ ਸਚੇ ਸਿਖ ਬਣੀਏ । ਕਾਹਨੂੰ ਭੁਲ ਬੈਠੇ ਰਸਮ ਆਦ ਸਿਖੋ "
ਜਲਦੀ ਕੁਦ ਮੈਦਾਨ ਦੇ ਵਿਚ ਪਈਏ । ਕਰਕੇ ਕਾਰਨਾਮੇ ਪਿਛਲੇ ਯਾਦ ਸਿਖੋ "
ਕੇਵਲ ਲੋੜ ਹੈ ਤੁਸਾਂ ਬਹਾਦਰਾਂ ਦੀ । ਭਾਰਤ ਮਾਤ ਦੀ ਸੁਣੋ ਫਰਯਾਦ ਸਿਖੋ "
ਉਠੋ ਖਾਲਸਾ ਜੀ ਹਲਾ ਬੋਲ ਦੇਈਏ । ਕਰੀਏ ਗੋਰਿਆਂ ਨੂੰ ਬਰਬਾਦ ਸਿਖੋ "
ਕੇਹੜੇ ਕੰਮ ਭਲਾ ਸਾਡੇ ਜਿਸਮ ਐਹੇ । ਵਧੱਕੇ ਗਏ ਹੋ ਸਰੂ ਸ਼ਮਸ਼ਾਦ ਸਿਖੋ "
ਪਏ ਚਮਕ ਸ਼ਮਸ਼ੇਰ ਦੀ ਜਗ ਅੰਦਰ । ਭਾਰਤ ਵਰਸ਼ ਨੂੰ ਕਰੋ ਆਜ਼ਾਦ ਸਿਖੋ "
ਮਿਲੋ ਸਿਖ ਹਿੰਦੂ ਮੁਸਲਮਾਨ ਸਾਰੇ । ਦੇਈਏ ਕਢ ਫਰੰਗੀ ਜਲਾਦ ਸਿਖੋ "
ਐਸਾ ਨਾਲ ਸ਼ਮਸ਼ੇਰ ਜਵਾਬ ਦੇਈਏ । ਕੁਲਾਂ ਤੀਕ ਕਰਸਨ ਪਏ ਯਾਦ ਸਿਖੋ "
ਲਖਾਂ ਮਿਲਨ ਮੁਬਾਰਕਾਂ ਜਗ ਅੰਦਰ । ਬਣੀ ਕੋਟ ਕਰਸੀ ਧਨਵਾਦ ਸਿਖੋ "

# ਮੋਰ ਸੰਭਾਲੋ

"ਹਿੰਦੋਸਤਾਨ ਦੇ ਬਾਸ਼ਿੰਦਿਓ ਕੋਈ ਛੇਤੀ, ਚਲੋ ਦੇਸ਼ ਨੂੰ ਖ਼ੁਦ ਮਚਾਨ ਬਚਾਲੇ"
ਜੀਰ ਹਿੰਦ ਦੇ ਦੀ ਮਿਤ੍ਰੀ ਪਿਆਰਾ ਭੂਲਦਾ, ਸਮਝ ਬੋਹੁਤ ਜੇ ਮਸਲੇ ਭੀ ਜਾਨ ਬਚਾਲੇ
ਦਸੰਗਲੋਂ ਮੈਂਗਾਨਦੋ ਦੇ ਪਿਆਰਿਆਂ ਨੂੰ, ਜੇਹੜੇ ਤਿਆਰ ਹਨ ਗਦ੍ਰ ਮਚਾਣ ਬਚਾਲੇ
ਦੇਸ਼ ਛੋੜਨਾ ਆਦਮੀਂ ਹਥ ਖੋਰੇ, ਚੰਗਾ ਵਕਤ ਹੈ ਜੰਗ ਮਚਾਣ ਬਚਾਲੇ
ਘੇਰੀ ਫੌਜ ਫਰੰਗੀ ਦੀ ਵਿਚ ਯੂਰਪ, ਰਸਤਾ ਮਿਲੇ ਨਾ ਹੁਣ ਹਿੰਦੋਸਤਾਨ ਬਚਾਲੇ
ਤੁਰਕੀ ਸ਼ੇਰ ਮੈਦਾਨ ਦੇ ਵਿਚ ਆਇਆ, ਮੌਕਾ ਬੋਹੁਤ ਸੋਹਣਾ ਹਿੰਦੋਸਤਾਨ ਬਚਾਲੇ
ਮਿਸ਼ਰ, ਅਰਬ, ਕਾਬਲ, ਤਿਆਰ ਬੈਠੇ, ਏਹੋ ਵਕਤ ਹੈ ਮੁਲਕ ਈਰਾਨ ਬਚਾਲੇ
ਬੈਠੇ ਤਿਆਰ ਸਾਰੇ ਬੱਚੇ ਗਾਜ਼ੀਆਂ ਦੇ, ਜੇਹੜੇ ਮਰਦ ਮਰਦ ਦੇ ਮੁਲਕੀਆਂ ਬਚਾਲੇ
ਸੁਤੇ ਪਏ ਸ਼ੀਰ ਸਾਡੇ ਦੇਸ਼ ਅੰਦਰ, ਜੇਹੜੇ ਕੰਮ ਕਰਦੇ ਹਿੰਦੋਸਤਾਨ ਬਚਾਲੇ
ਓਨਾਂ ਮਰਨ ਤੋਂ ਔਂਦਾ ਡਰ ਬੋਹੁਤ, ਪਿਛੇ ਫਿਰਨ ਲੁਕ ਦੇ ਕੁੜੀਜਨ ਬਚਾਲੇ
ਦੇਸ਼ ਛਡ ਪ੍ਰਦੇਸ਼ ਦੇ ਵਿਚ ਬੈਠੇ, ਕਈ ਹਿੰਦੀ ਦੀ ਮੌਦ ਕਮਾਣ ਬਚਾਲੇ
ਔਖ਼ ਮਰਨ ਤੋਂ ਔਂਦ ਖੇਡ ਓਨਾਂ, ਪਾਪੀ ਕਰਨ ਤੂੰ ਜੋ ਦੇ ਜਾਨ ਲੇਖਾਂ ਬਚਾਲੇ
ਅਗੇ ਹੋਏ ਇਕੇ ਕੰਮ ਨਾਂ ਮੂਲ ਕਰਦੇ, ਭੁਖੇ ਮਾਰਦੇ ਟਬਰਾਂ ਮਾਣ ਬਚਾਲੇ
ਜੇਹੜੇ ਆਖਦੇ ਅਸੀਂ ਤਾਂ ਦੇਸ਼ ਸੇਵਕ, ਆਓ ਨਿਕਲੋ ਖਾਂ ਇਮਤਿਹਾਨ ਬਚਾਲੇ
ਜਿਨਾਂ ਜਾਨ ਨੂੰ ਰਖਿਆਂ ਤਲੀ ਉਤੇ, ਔਖਾ ਕੰਮ ਕਰਨਾਂ ਹਿੰਦੋਸਤਾਨ ਬਚਾਲੇ
ਸਾਡੀ ਦੇਸ਼ ਸੇਵਾ ਕਰਨੀ ਬੋਹੁਤ ਔਖੀ, ਰੋਲ ਪਾਂਵਦੇ ਮਰਦ ਮੈਦਾਨ ਬਚਾਲੇ
ਪਾਜ ਉਘਾੜੂ ਓਨਾਂ ਦਾ ਬੋਹੁਤ ਛੇਤੀ, ਜੇਹੜੇ ਕੰਮ ਕਰਦੇ ਖਾਲੀ ਮਾਣ ਬਚਾਲੇ
ਆਸਾਂ ਦੇਖੀਆਂ ਕਈ ਮਜਲਸਾਂ ਮੁਖ, ਲਤ ਮਾਰਦੇ ਕੰਮ ਅਣਕਰਨ ਬਚਾਲੇ
ਕਈ ਸੇਵਕਾਂ ਨੂੰ ਪੁਠੇ ਪੈਣ ਜਾਂਦੇ, ਰੋਲਾ ਪਾਂਵਦੇ ਪਰਮ ਦੀਵਾਨ ਬਚਾਲੇ
ਦੇਸ਼ ਤੁਰਗੀ ਦਿਆਂ ਗਦਰ [illegible] ਆਂ ਨੂੰ ਕਈ ਰੋਕਦੇ ਹੈਟੀਆਂ ਖਾਣ ਬਚਾਲੇ
ਕਈ ਸੇਵਕਾਂ ਨੂੰ ਪੁਠੇ ਪੈਣ ਜਾਂਦੇ, ਓਨਾਂ ਮਿਲੂ ਕੀ ਦੇਸ਼ ਨੂੰ ਬਖ਼ਸ਼ਾਨ ਬਚਾਲੇ
ਜੇਹੜੇ ਰੋਕਦੇ ਗਦਰੀ ਨੂੰ ਜਾਂਦਿਆਂ ਨੂੰ, ਵਿਚੋਂ ਕੰਮ ਕਰਦੇ ਇੰਗਲਸਤਾਨ ਬਚਾਲੇ
ਪੈਂਟ ਪਾਲਦੇ ਫਰੰਗੀ ਦੇ ਸਾਹਿਆਂ ਦੇ, ਔਖ਼ ਸ਼ੁਮ ਦਾਗੀ ਏ ਬੇਈਮਾਨ ਬਚਾਲੇ
ਮਿਤ੍ਰ ਮਾਰਕੇ ਬੇਈਮਾਨ ਪਾਜੀ, ਖੁਦੀਆ ਦੇਸ਼ ਘਾਤੀ ਪੈਗਨ ਖਾਣ ਬਚਾਲੇ
[illegible] ਦੇਸ਼ ਘਾਤੀਆਂ ਨੇ, ਖਤਰ ਪਾਲਿਆ ਆਪਣੀ ਜਾਨ ਬਚਾਲੇ
[illegible] ਦੇ ਅਸਾਂ ਦੀ ਹੋਊ ਇਜ਼ਤ, ਕਰਦੇ ਕੰਮ [illegible] ਅਖ਼ਬਾਰ ਬਚਾਲੇ"

ਪਿਛੋਂ ਜਹੜੇ ਨਗੀਕੀ ਜਾਲ ਹੋਏ 'ਮਾਰ ਛਿੜੂੰ ਦੀ ਹੋਸੀ ਮਾਹ ਬਦਲੇ"
ਕਈਆਂ ਵਿਚ ਪ੍ਰਦੇਸ਼ ਦੇ ਨਾਲ ਦੁਖਾਂ 'ਪੈਸਾ ਜੋੜਿਆ ਕਰਨ ਗੁਜ਼ਰਾਨ ਬਦਲੇ"
ਡਰਦੇ ਗਦਰ ਦੀ ਗਲ ਨਾਂ ਮੂਲ ਸੁਣਦੇ' ਲਗਾ ਫਿਕਰ ਹੈ ਘਰਾਂ ਨੂੰ ਜਾਣ ਬਦਲੇ"
ਰੋਖਾਰ ਨਾਂ ਖਤਰਵਾਂ ਮਿਲੂ ਤੁਸਾਨੂੰ' ਡਾਕੂ ਖੜ੍ਹੇ ਦੁਲੈਂਤ ਤੈਂ ਜਾਣ ਬਦਲੇ"
ਵਿਪਤਾ ਵਿਚ ਕਿਓਂ ਜ਼ਿੰਦਗੀ ਗਾਲਦੇ ਹੋ ਪਾਖਾਜ਼ਨਾਮ ਕੀ ਠੋਕਰਾਂ ਖਾਣ ਬਦਲੇ"
ਹੋਕੇ ਮਰਦ ਕਿਓਂ ਹੌਸਲਾ ਤੋੜਿਆ ਈ' ਜੰਮੇ ਤੁਸੀਂ ਨਾਂ ਜੂਤੀਆਂ ਖਾਣ ਬਦਲੇ
ਉਮਰ ਗਾਲਦੇ ਝੁਗਿਆਂ ਵਿਚ ਕੀਹਾਂ ' ਬਾਕੀ ਬਚੇਗਾ ਕੀ ਹਿੰਦੋਸਤਾਨ ਬਦਲੇ
ਵੇਲਾ ਨਹੀਂ ਹੁਣ ਪਿਛੇ ਨੂੰ ਜਾਵਣੇ ਦਾ ' ਕਰੋ ਕੀ ਅਜ ਹੁਣ ਦੇਸ਼ ਬਚਾਨ ਬਦਲੇ
ਫੇਰਾਂ ਵਾਲਿਆਂ ਨੂੰ ਜਾਕੇ ਰੋਕ ਦੇਵੋ ' ਕਾਨੂੰ ਲੜਨ ਮੂੰਹ ਇੰਗਲਸਤਾਨ ਬਦਲੇ
ਕਰਕੇ ਗਦਰ ਹੁਣ ਫਿਰ ਆਜ਼ਾਦ ਕਰੀਏ ਕਾਨੂੰ ਬੈਠੇ ਹੋ ਠੋਕਰਾਂ ਖਾਣ ਬਦਲੇ
ਏਹੋ ਫਰਜ਼ ਹੋਵੇ ਸਾਡੀ ਜ਼ਿੰਦਗੀ ਦਾ ' ਜਾਨ ਲਗਾ ਦੇਈਏ ਹਿੰਦੋਸਤਾਨ ਬਦਲੇ

## ਗਦਰ ਦੀ ਬੇਨਤੀ

ਮੇਰੇ ਮਾਤ ਪ੍ਰਕਾਸ਼ ਕੇ ਚੋਜਣਾਂ ਕੀ ' ਕੋਈ ਮਾਰਨੇ ਵਾਸਤੇ ਤਿਆਰ ਹੋ ਜੋ "
ਜਿਸਨੂੰ ਸ਼ੌਕ ਗੁਲਾਮ ਦੇ ਖੋਣੇ ਦਾ ' ਆਓ ਨਾਲ ਸਾਡੇ ਸਾਡਾ ਯਾਰ ਹੋ ਜੋ "
ਹਿੰਦੋਸਤਾਨੀਓ ਤੁਸਾਂ ਦਾ ਦੇਸ਼ ਸਾਡਾ' ਸਾਰੇ ਗਦਰ ਦੇ ਲਈ ਤਿਆਰ ਹੋ ਜੋ "
ਸਾਰੇ ਸੂਰਮੇ ਹੋਏ ਸਲਾਹ ਕਰਕੇ ' ਕਠੇ ਸੈਂਕੜੇ ਕਈ ਹਜ਼ਾਰ ਹੋ ਜੋ "
ਮੰਨੋ ਗੱਲ ਨਾਂ ਮੂਲ ਹਰਾਮੀਆਂ ਦੀ ' ਇਕ ਦੂਸਰੇ ਦੇ ਸਾਰੇ ਯਾਰ ਹੋ ਜੋ "
ਸਦਾ ਪੈਹੁ ਉਲਟੇ ਗਏ ਤੇ ਪੇਟ ਪਾਲੂ ' ਹਾਲ ਇਨਾਂ ਦੀ ਥੋਂ ਖਬਰਦਾਰ ਹੋ ਜੋ"
ਚੜ੍ਹੋ ਜਲਮ ਫਰੰਗੀ ਦਾ ਕਟਣੇ ਨੂੰ ' ਤੇਗੀ ਤੇਜ਼ ਤਲਵਾਰ ਦੀ ਧਾਰ ਹੋ ਜੋ"
ਜਿਹੜੇ ਤੋੜ ਗੁਲਾਮੀ ਦਾ ਜਾਲ ਝੂਠਾ ' ਗਫਲਤ ਨੀਂਦ ਨੂੰ ਛਡ ਬੇਦਾਰ ਹੋ ਜੋ"
ਮਰਨ ਵਾਲਿਆਂ ਫਰਜ਼ ਅਦਾ ਕੀਤਾ' ਜੀਉਂਦੇ ਵਾਲਿਓ ਖੁਦ ਮੁਖਤਾਰ ਹੋ ਜੋ"
ਗਦਰ ਵਾਸਤੇ ਫੈਸਲਾ ਕਰੋ ਛੁਰਤੀ' ਇਕ ਦੂਸਰੇ ਦੇ ਮਦਦਗਾਰ ਹੋ ਜੋ "
ਡਰੋ ਨਾ ਨਾ ਏਨਾਂ ਫਰੰਗੀਆਂ ਤੋਂ ' ਮਾਰਨ ਮਰਨ ਨੂੰ ਜਲਦ ਤਿਆਰ ਹੋ ਜੋ "
ਮੁਸਲਮਾਨ, ਹਿੰਦੂ, ਅਤੇ ਖਾਲਸਾ ਜੀ' ਇਕ ਦੂਸਰੇ ਦੇ ਸਾਰੇ ਯਾਰ ਹੋ ਜੋ "
ਜੀਉਂਦੇ ਵਾਲਿਆਂ ਨਾਲ ਨਾਂ ਗਲ ਕਰੀਏ' ਮਰਨੇ ਵਾਲਿਓ ਤੁਸੀਂ ਤਿਆਰ ਹੋ ਜੋ "
ਮੰਨੋ ਜੇ ਤੁਸੀਂ ਗਦਰ ਦੀ ਬੇਨਤੀ ਨੂੰ 'ਗਦਰ ਕਰਨ ਨੂੰ ਝਟ ਤਿਆਰ ਹੋ ਜੋ "

# ਹਿੰਦੀਓ ਨੀਂਦ ਕੋ ਤਿਆਗੋ.

ਹਿੰਦੋਸਤਾਨੀਓ ਕਿਉਂ ਨੀਂਦੀ ਪੈਣ ਸੁੱਤੀ ' ਮਾਰੋ ਨਜ਼ਰ ਘਰ ਦੇ ਕੇਹੜੇ ਹਾਲ ਹੋ ਗਏ"
ਗਫਲਤ ਨੀਂਦ ਅੰਦਰ ਤੁਸੀਂ ਖੂਬ ਸੁੱਤੇ ' ਲੱਗੀ ਅੱਗ ਘਰ ਨੂੰ ਭਾਂਬੜ ਲਾਲ ਹੋ ਗਏ"
ਉਠੋ ਸ਼ੇਰ ਮਰਦੋ ਗਫਲਤ ਨੀਂਦ ਛੱਡੋ ' ਤੁਸਾਂ ਸੁੱਤਿਆਂ ਸੈਂਕੜੇ ਸਾਲ ਹੋ ਗਏ"
ਪੈਸਾ ਲੁੱਟ ਲੈ ਗਏ ਅੰਗ੍ਰੇਜ਼ ਸਾਰਾ ' ਵੇਹਦੇ ਵੇਂਹਦਿਆਂ ਤੁਸੀਂ ਕੰਗਾਲ ਹੋ ਗਏ
ਤੁਸੀਂ ਵੀਰਨੋਂ ਤਰਸਦੇ ਕੌਡੀਆਂ ਨੂੰ ' ਜੇਹਨਾਂ ਲੁੱਟ ਜ਼ਾਲਮ ਮਾਲੋ ਮਾਲ ਹੋ ਗਏ"
ਕਿਥੇ ਗਏ ਅਸਾਡੜੇ ਐਸ਼ ਇਸ਼ਰਤ ' ਕਾਹਨੂੰ ਵੀਰਨੋ ਅਜ ਕੰਗਾਲ ਹੋ ਗਏ"
ਲੰਡਨ ਵਿਚ ਲੈ ਗਏ ਗੋਰੇ ਖਿੱਚ ਸਭ ਕੁਝ ਤੁਸੀਂ ਵਰਗੇ ਠੱਨ ਠੱਨ ਗੁਪਾਲ ਹੋ ਗਏ"
ਸਾਡੀ ਕਿਵੇਂ ਗੁਲਾਮੀ ਨੇ ਪੈਣ ਭੰਨੀ ' ਕਾਇਰ ਹਦੋਂ ਥੀ ਵੱਧ ਖਿਆਲ ਹੋ ਗਏ"
ਉਠੋ ਤੋੜ ਗੁਲਾਮੀ ਦਾ ਜਾਲ ਦੇਈਏ ' ਛਿੜੇ ਪੈਂਦਿਆਂ ਨੂੰ ਕਈ ਸਾਲ ਹੋ ਗਏ"
ਦੇਖੋ ਕਈ ਕਰੋੜਾਂ ਦੀ ਵਿਚ ਗਿਣਤੀ ' ਵੀਰ ਭੇਟ ਪਲੇਗ ਤੇ ਕਾਲ ਹੋ ਗਏ"
ਦੋ ਕਰੋੜ ਥੀਂ ਦੇ ਸੋਲਾਂ ਸਾਲ ਅੰਦਰ ' ਦੁੱਖ ਭੁੱਖ ਦੇ ਨਾਲ ਹਲਾਲ ਹੋ ਗਏ"
ਲੰਡਨ ਵਿਚ ਸੜਕਾਂ ਉਤੇ ਰਬੜ ਚਾਹੜੀ ਸਾਡੇ ਉਤੇ ਘਟ ਮੰਦੇ ਹਾਲ ਹੋ ਗਏ"
ਆਲੂ ਮੁੱਢਿਆਂ ਤੋਂ ਪੈਸਾ ਜੁੜੇ ਨਾਹੀਂ ' ਗੋਡੀ ਕਰਦਿਆਂ ਦੇ ਗੋਡੇ ਲਾਲ ਹੋ ਗਏ"
ਫੌਜੀ ਨੌਕਰੀ ਖਾਣ ਨਾਂ ਪੀਣ ਤੁਰਦਾ ' ਵੀਰੋ ਕਾਲਿਆਂ ਤੋਂ ਧੌਲੇ ਵਾਲ ਹੋ ਗਏ"
ਪੈਸਾ ਜੁੜੇ ਨਾਂ ਨਾਲ ਮਜ਼ਦੂਰੀਆਂ ਦੇ ' ਝਿੜਕਾਂ ਸਹਿੰਦਿਆਂ ਨੂੰ ਕਈ ਸਾਲ ਹੋ ਗਏ"
ਪਏ ਚੀਨ, ਅਫਰੀਕਾ, ਦੇ ਵਿਚ ਭੌਂਦੇ ' ਵਜਣ ਠੋਕਰਾਂ ਤੇ ਭੈੜੇ ਹਾਲ ਹੋ ਗਏ"
ਕੀ ਕੁਝ ਖੱਟਿਆ ਜੇ ਮਿਰਕਣ ਵਿਚ ਆਕੇ ਦੇਸ਼ ਛਡਿਆਂ ਨੂੰ ਕਈ ਸਾਲ ਹੋ ਗਏ"
ਕੁਲੀ ਕੁਲੀ ਕੈਹ ਕੇ ਦੁਨੀਆਂ ਨੱਕ ਚਾਹੜੇ ' ਵੀਰੋ ਅਸੀਂ ਬੇਸ਼ਰਮ ਕਮਾਲ ਹੋ ਗਏ"
ਹੋਵੇ ਅਣਖ ਤੇ ਸਮਝੀਏ ਝਟ ਸੈਨਤ ' ਡੰਡੇ ਖਾਂਦਿਆਂ ਦੇ ਫੁੰਡਰ ਲਾਲ ਹੋ ਗਏ"
ਭੁੱਲ ਜੀਵਣੇ ਦਾ ਕਾਹਦਾ ਹੱਜ ਸਾਡਾ ' ਸਾਡੇ ਕੁੱਤਿਆਂ ਥੋਂ ਭੈੜੇ ਹਾਲ ਹੋ ਗਏ"
ਗੋਰੇ ਓਹਨਾਂ ਦਾ ਖਾਤਮਾ ਕਰੀ ਜਾਂਦੇ ' ਭਾਰੇ ਜਿਨ੍ਹਾਂ ਦੇ ਤੁਸੀਂ ਰਖਵਾਲ ਹੋ ਗਏ"
ਨਾਲ ਚੀਦਿਆਂ ਕਦੀ ਨਾਂ ਕਾਲ ਰੁਕਦੇ ' ਸਾਨੂੰ ਵੇਹਦਿਆਂ ਨੂੰ ਕਈ ਸਾਲ ਹੋ ਗਏ"
ਤੁਸੀਂ ਪਾਟਵੇ ਹੋ ਪਾਣੀ ਪਤਿਆਂ ਨੂੰ ' ਜੜ੍ਹਾਂ ਵਲ ਨਾਂ ਦੇਸ ਤੇ ਖਿਆਲ ਹੋ ਗਏ"
ਖੇਲ ਰਾਜ ਨੀਤੀ ਵਾਲੀ ਭੁੱਲ ਬੈਠੇ ' ਤਾਂਹੀ ਦੇਸ ਤੇ ਹਾਲ ਬੇ ਹਾਲ ਹੋ ਗਏ"
ਆਪਸ ਵਿਚ ਲੜਕੇ ਮੂਰਖੋ ਖੱਟਿਆ ਕੀ ' ਫੁਰੀ ਫੁੱਟ ਦੀ ਨਾਲ ਹਲਾਲ ਹੋ ਗਏ"
ਜਿਮੀਂ ਸਾਡੀ ਤੇ ਲੈਣ ਲਗਾਨ ਗੋਰੇ ' ਦੇਖੋ ਕੇਹੇ ਜ਼ਮਾਨੇ ਦੇ ਚਾਲ ਹੋ ਗਏ"
੬੫ ਪੈਨਿੰਟ ਫੀ ਸਦੀ ਨਾਲ ਤਲਵਾਰ ਲੈਂਦੇ ' ਭੈੜੇ ਗੀਧੀਆਂ ਥੀਂ ਸਾਡੇ ਖਿਆਲ ਹੋ ਗਏ"

ਪਈਆਂ ਗੋਰੀਆਂ ਲੜਦੀਆਂ ਹੱਕ ਪਿਛੇ । ਸਾਡੇ ਉਨਾਂ ਤੋਂ ਚਿੱਤ ਰੰਗਾਸ ਹੋ ਗਏ ॥
ਹੋਕੇ ਮਰਦ ਪਿਆਰਾ ਦੇਸ਼ ਸਾਭ ਲਈਏ । ਕੇਹੜੀ ਗੱਲ ਤੋਂ ਭੁਲ ਨਿਢਾਲ ਹੋ ਗਏ ॥
ਗਦਰ ਕੂਕ ਪੁਕਾਰਦਾ ਦਿਨੇ ਰਾਤੀਂ । ਉਠੋ ਸੁਤਿਓ ਮੰਦੜੇ ਹਾਲ ਹੋ ਗਏ ॥
ਹਿੰਦੋਸਤਾਨੀਓ ਰਹੂ ਨਾਂ ਨਾਮ ਬਾਕੀ । ਏਸੇ ਤਰਾਂ ਜੇਕਰ ਪੰਜੀ ਸਾਲ ਹੋ ਗਏ ॥
ਛੇਤੀ ਕਰੋ ਤਿਆਰੀਆਂ ਗਦਰ ਦੀਆਂ । ਹੁਣ ਤਾਂ ਬੋਹਤ ਹੀ ਮੰਦੜੇ ਹਾਲ ਹੋ ਗਏ ॥

## ਭਾਰਤ ਮਾਤਾ ਦੀ ਪੁਕਾਰ ਫੌਜਾਂ ਵਾਲਿਆਂ ਨੂੰ

ਫੌਜਾਂ ਵਾਲਿਓ ਸ਼ੇਰ ਜਵਾਨ ਮਰਦੋ । ਸੁਣੋ ਨਾਂ ਬੁਢੜੀ ਦਾ ਏਹ ਸਵਾਲ ਮੇਰਾ ॥
ਦਸਾਂ ਕਿਵੇਂ ਨਹੀਂ ਦਸਿਆ ਜਾਂਵਦਾ ਹੈ । ਦੁਖੀਂ ਭਰਿਆ ਨਮਾਣੀ ਦਾ ਹਾਲ ਮੇਰਾ ॥
ਕਿਵੇਂ ਲਿਖਾਂ ਸ਼ੇਰੋ ਦਿਲ ਫਟਦਾ ਹੈ । ਅਤੀ ਦੁਖ ਭਰਿਆ ਮੰਦਾ ਹਾਲ ਮੇਰਾ ॥
ਦਿਲ ਫਟ ਜਾਵੇ ਪਏ ਤੜਫ ਮਰਸੋਂ । ਜੇਕਰ ਸੁਣੋਂ ਬਚਿਓ ਸਾਰਾ ਹਾਲ ਮੇਰਾ ॥
ਚੋਰਾਂ ਲੁਟੀ ਹਾਂ ਕੁਠੀ ਹਾਂ ਦਗੇ ਬਾਜਾਂ । ਕੀਤਾ ਜ਼ਬਤ ਫਰੰਗ ਨੇ ਮਾਲ ਮੇਰਾ ॥
ਘਣੇ ਛੁਰੀ ਕਸਾਈ ਨੇ ਜ਼ਖਮ ਕੀਤੇ । ਰੰਗ ਜ਼ਰਦ ਹੋਇਆ ਦੁਖਾਂ ਨਾਲ ਮੇਰਾ ॥
ਡਾਹਡੀ ਪੀੜ ਹੋਵੇ ਨਹੀਂ ਰੋਣ ਦੇਵੇ । ਪਿਆ ਵਾਹ ਚੰਡਾਲ ਦੇ ਨਾਲ ਮੇਰਾ ॥
ਕੀਤੇ ਜ਼ਖਮ ਬੇਦਰਦ ਨੇ ਸਰਦ ਹੋ ਗਏ ਫਟ ਆਕੜੇ ਜੀਉਣ ਮੁਹਾਲ ਮੇਰਾ ॥
ਇਤਨੇ ਜ਼ਖਮ ਹੋਏ ਮੇਰੇ ਜਿਗਰ ਅੰਦਰ । ਗਦਰ ਸੋਚਿਆ ਵੇਖਕੇ ਹਾਲ ਮੇਰਾ ॥
ਜੇਕਰ ਕੂਕ ਮਾਰਾਂ ਅਰਸ਼ ਕੰਬ ਜਾਵੇ । ਸੁਣ ਕੇ ਸਹੇ ਨਾਂ ਦੁਖ ਪਤਾਲ ਮੇਰਾ ॥
ਫੌਜਾਂ ਵਾਲਿਓ ਸੁਣੋਂ ਪੁਕਾਰ ਮੇਰੀ । ਬੋਹਤ ਤੁਸਾਂ ਦੇ ਜ਼ੁਮੇਂ ਸਵਾਲ ਮੇਰਾ ॥
ਲਖਾਂ ਕਾਲ ਪਲੇਗ ਦੇ ਨਾਲ ਮਰ ਗਏ । ਹਰਦਮ ਓਧਰੇ ਰਹੇ ਖਿਆਲ ਮੇਰਾ ॥
ਲਹੂ ਸੁਕਿਆ ਤੇ ਖੁਰਦੇ ਹਡ ਮੇਰੇ । ਖੜਕੇ ਚਮ ਗੁਲਾਮੀ ਦੇ ਨਾਲ ਮੇਰਾ ॥
ਫੌਜਾਂ ਵਾਲਿਓ ਫੜੋ ਫਰੰਗ ਤਾਂਈ । ਖੂਬ ਨਿਕਲੇ ਦਿਲੀ ਉਬਾਲ ਮੇਰਾ ॥
ਕੇਹੀ ਜ਼ੁਲਮ ਦੀ ਖਿਜ਼ਾਂ ਬਹਾਰ ਆਈ । ਨਾਮ ਮੇਟ ਕੀਤਾ ਬੇ ਮਸਾਲ ਮੇਰਾ ॥
ਸੋਇਨ ਚਿੜੀ ਜੱਗ ਮੈਨੂੰ ਜਾਣਦਾ ਸੀ । ਅੱਜ ਕੰਗੜੀ ਦੇ ਵਾਲਾ ਹਾਲ ਮੇਰਾ ॥
ਜਾਲਮ ਚਾਹੁੰਦੇ ਨਾਮ ਦੇ ਮੇਟਣੇ ਨੂੰ । ਲਵੋ ਬਚਿਓ ਨਾਮ ਸੰਭਾਲ ਮੇਰਾ ॥
ਫੌਜਾਂ ਵਾਲਿਓ ਕਿਓਂ ਹਥੀਂ ਪਾਲਦੇ ਹੋ । ਦੁਸ਼ਮਣ ਸਖਤ ਫਰੰਗ ਚੰਡਾਲ ਮੇਰਾ ॥
ਕਾਹਨੂੰ ਆਪ ਲੁਟੌਂਦੇ ਹੋ ਸ਼ੇਰ ਮਰਦੋ । ਕੀਤੀ ਭੁਲ ਤੇ ਹੋਇਆ ਜ਼ਵਾਲ ਮੇਰਾ ॥
ਅਜੇ ਹਈ ਵੇਲਾ ਘਰ ਨੂੰ ਸਾਂਭਣੇ ਦਾ । ਬੋਹਤ ਅਜੇ ਭੀ ਬਚ ਜਾਏ ਮਾਲ ਮੇਰਾ ॥

# ਹਿੰਦ ਦੇ ਸੂਰਬੀਰਾਂ ਦੀ ਯਾਦਗਾਰ

ਹਿੰਦੋਸਤਾਨੀਓ ਜ਼ਰਾ ਧਿਆਨ ਮੋੜੋ ' ਸਾਡੀ ਬਾਪ ਦਾਦੇ ਵਾਲੀ ਚਾਲ ਕਿਉਂ ਨਹੀਂ
ਲਖੋਂ ਕਖੋਂ ਹੋ ਗਏ ਹੋ ਸ਼ੇਰ ਮਰਦੋ ' ਅਜੇ ਵੀ ਹੋਸ਼ ਨੇ ਆਂਦੇ ਖਿਆਲ ਕਿਉਂ ਨਹੀਂ"
ਖਾਤਰ ਧਰਮ ਦੀ ਲੜੇ ਬਜ਼ੁਰਗ ਸਾਡੇ ' ਕੀਤੇ ਉਨ੍ਹਾਂ ਨੇ ਜੰਗ ਕਮਾਲ ਕਿਉਂ ਨਹੀਂ"
ਸਖਤੀ ਦੇਖ ਕੇ ਜ਼ੁਲਮ ਦੀ ਨਹੀਂ ਰੁਕੇ ' ਡਟੇ ਰਹੇ ਉਹ ਹਿੰਦ ਦੇ ਲਾਲ ਕਿਉਂ ਨਹੀਂ"
ਸਾਕੇ ਸਿੰਘ ਗੋਬਿੰਦ ਦੇ ਯਾਦ ਜੇਕਰ ' ਖੂਨ ਮਾਰਦੇ ਸਾਡੇ ਉਛਾਲ ਕਿਉਂ ਨਹੀਂ"
ਹਰੀ ਸਿੰਘ ਨਲੂਏ ਤਾਈਂ ਜਗ ਜਾਣੇ ' ਕਾਇਮ ਕਰ ਗਏ ਜੰਗ ਮਿਸਾਲ ਕਿਉਂ ਨਹੀਂ
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ ' ਬੁਢੀ ਉਮਰ ਲਖਾਂ ਘਾਲੇ ਘਾਲ ਕਿਉਂ ਨਹੀਂ
ਦੁਨੀਆਂ ਤੀਕ ਰੌਸ਼ਨ ਸੀ ਨਾਮ ਜਿਨ੍ਹਾਂ ਉਤੇ ' ਦੁਨੀਆਂ ਜਾਣਦੀ ਉਨ੍ਹਾਂ ਦਾ ਹਾਲ ਕਿਉਂ ਨਹੀਂ
ਜਿਨ੍ਹਾਂ ਨਾਮ ਸ਼ਹੀਦੀ ਦੇ ਨੇਸ਼ ਕੀਤੇ ' ਸਦਾ ਰੌਸ਼ਨ ਹੋ ਉਹ ਮਸਤ ਹਾਲ ਕਿਉਂ ਨਹੀਂ
ਜਿਨ੍ਹਾਂ ਦੇਸ਼ ਖਾਤਰ ਸੀਸ ਭੇਟ ਕੀਤੇ ' ਜੀਉਂਦੇ ਸਦਾ ਰੌਸ਼ਨ ਨੇ ਨਿਹਾਲ ਕਿਉਂ ਨਹੀਂ
ਬਹੁਤ ਦੂਰ ਕਾਹਨੂੰ ਸੁਣੋ ਹਾਲ ਹੁਣ ਦਾ ' ਲਖਾਂ ਫਿਰਨ ਗੁਜ਼ਰੇ ਹੀਰੇ ਲਾਲ ਕਿਉਂ ਨਹੀਂ
ਮਿਸਟਰ ਤਿਲਕ ਤੇ ਸਿੰਘ ਅਜੀਤ ਪਿਆਰੇ ' ਕੀਤਾ ਸਿੰਘ ਭਗਵਾਨ ਕਮਾਲ ਕਿਉਂ ਨਹੀਂ"
ਘੋਸ਼, ਰਾਮਚੰਦਰ, ਤੇ ਬਰਕਤੁੱਲਾ ' ਹਸਰਤ ਮੁਹਾਨੀ ਤੇ ਹਰਦਿਆਲ ਕਿਉਂ ਨਹੀਂ
ਜੇਲ੍ਹਾਂ ਕਟਦੇ ਝੂਟਦੇ ਫਾਂਸੀਆਂ ਤੇ ' ਬੀਰ ਸਵਰਕਰ ਤੇ ਹੋਤੀ ਲਾਲ ਕਿਉਂ ਨਹੀਂ
ਦੇਵੀ ਮੈਡਮ ਕਾਮਾਂ ਤੇ ਕ੍ਰਿਸ਼ਨ ਵਰਮਾਂ ' ਪਿੰਡੀ ਦਾਸ ਤੇ ਨੰਦ ਗੋਪਾਲ ਕਿਉਂ ਨਹੀਂ
ਹਸਰਤ ਸੂਫੀ ਬਰਿੰਦ੍ਰ ਮੋਹਨ ਘੋਸ਼ ਵਰਗੇ, ਕੀਤਾ ਲਿਆਕਤ ਹੁਸੈਨ ਕਮਾਲ ਕਿਉਂ ਨਹੀਂ,
ਭਾਗ ਸਿੰਘ ਜੋ ਅੰਤ ਸ਼ਹੀਦ ਹੋਇਆ ' ਬਦਨ ਸਿੰਘ ਸੀ ਉਸਦੇ ਨਾਲ ਕਿਉਂ ਨਹੀਂ
ਕੀ ਕਸੂਰ ਕੀਤਾ ਏਨਾਂ ਸੂਰਿਆਂ ਨੇ ' ਸੁਖੀ ਵਸਦੇ ਮਾਤਾ ਤੇਰੇ ਲਾਲ ਕਿਉਂ ਨਹੀਂ
ਜਲਾਵਤਨ ਬੈਠੇ ਵਿਦਵਾਨ ਸਾਰੇ ' ਸਾਨੂੰ ਭੋਲਿਓ ਆਂਦੇ ਖਿਆਲ ਕਿਉਂ ਨਹੀਂ
ਫਾਹਿਆ ਗ਼ਦਰ ਵਾਲਿਆਂ ਸੀਸ ਲਾਇਆ ' ਸਿੰਘੋ ਅਜੇ ਸਾਡਾ ਮੰਦਾ ਹਾਲ ਕਿਉਂ ਨਹੀਂ
ਪਏ ਕਾਗਜ਼ਾਂ ਤੇ ਲੀਖਾਂ ਮਾਰਦੇ ਹੋ ' ਫੜਦੇ ਹਥ ਤਲਵਾਰ ਤੇ ਢਾਲ ਕਿਉਂ ਨਹੀਂ
ਐਵੇਂ ਮਿਨਤਾਂ ਤੇ ਕਾਹਨੂੰ ਜ਼ੋਰ ਪਾਇਆ ' ਸਿੰਘਾਂ ਵਿਚੋਂ ਸ਼ੇਰਾਂ ਵਾਲੀ ਚਾਲ ਕਿਉਂ ਨਹੀਂ
ਉਠੋ ਹਿੰਦੀਓ ਦੇਸ਼ ਨੂੰ ਸਾਂਭ ਲਈਏ ' ਸਾਡੇ ਮਾਰਦੇ ਖੂਨ ਉਛਾਲ ਕਿਉਂ ਨਹੀਂ
ਫਿਰੋ ਵਿਚ ਪਰਦੇਸ਼ ਬਦਨਾਮ ਹੁੰਦੇ ' ਲੈਂਦੇ ਆਪਣਾ ਦੇਸ਼ ਸੰਭਾਲ ਕਿਉਂ ਨਹੀਂ
ਪੈਣ ਲਾਨਤਾਂ ਨਸ਼ੇ ਵਿਚ ਮਸਤ ਫਿਰਦੇ ਮਥਾ ਲਾਂਵਦੇ ਗੋਰਿਆਂ ਨਾਲ ਕਿਉਂ ਨਹੀਂ
ਛੇ, ਛੇ ਫੁਟ ਵਧ ਗਏ ਸ਼ਰੀਰ ਕਾਹਨੂੰ ' ਆਹ! ਦੁਖੀ ਹਾਂ ਇਜ਼ਤ ਰਖਵਾਲ ਕਿਉਂ ਨਹੀਂ
ਨਜ਼ਰ ਮਾਰ ਦੇਖੋ ਚੀਨ, ਜਾਪਾਨ ਵਲੇ ' ਦੁਨੀਆਂ ਵਿਚ ਉਹ ਫਿਰਨ ਖੁਸ਼ਹਾਲ ਕਿਉਂ ਨਹੀਂ

ਵਰਤੇ ਕੋਈ ਕਾਨੂੰਨ ਨਾ ਨਾਲ ਸਾਡੇ 'ਸਾਡਾ ਪੁੱਛਦਾ ਕੋਈ ਸਵਾਲ ਕਿਉਂ ਨਹੀਂ"
ਜੇਹਲਾਂ ਕੱਟਦੇ ਝੂਟਦੇ ਫਾਂਸੀਆਂ ਤੇ 'ਅਸੀਂ ਪੁੱਛਦੇ ਉਨ੍ਹਾਂ ਦਾ ਹਾਲ ਕਿਉਂ ਨਹੀਂ"
ਭਾਰਤ ਮਾਤ ਦੀ ਗੋਦ ਵਿੱਚ ਰੈਹਣ ਵਾਲੇ' ਤੁਸੀਂ ਡੁੱਬ ਮਰਦੇ ਸ਼ਰਮ ਨਾਲ ਕਿਉਂ ਨਹੀਂ"
ਗਲੀਂ ਫੇਕੀਆਂ ਤੇ ਔਂਦੇ ਜੋਰ ਪਾਯਾ 'ਅਸਲੀ ਕੌਮ ਡਰਦੇ ਵੈਰੀ ਨਾਲ ਕਿਉਂ ਨਹੀਂ"
ਸੁੱਤੇ ਪਏ ਪੰਜਾਬ ਨੂੰ ਹੋਸ਼ ਆਵੇ 'ਲੈਂਦੇ ਚੌਂ ਚੜ੍ਹ ਨਾਲ ਉਠਾਲ ਕਿਉਂ ਨਹੀਂ
ਜੇ ਕਰ ਤੁਸੀਂ ਅਗੋਂ ਹੋਕੇ ਕਦਮ ਰੱਖੋ 'ਲੈਂਦੇ ਆਪਣਾ ਮੁਲਕ ਸੰਭਾਲ ਕਿਉਂ ਨਹੀਂ"
ਮਿਰਕਣ ਅਤੇ ਕਨੇਡੇ ਵਿੱਚ ਰੈਹਣ ਵਾਲੇ' ਤੇਰਾ ਮਾਰਦਾ ਖੂਨ ਉਛਾਲ ਕਿਉਂ ਨਹੀਂ"
ਕੀਕੂੰ ਕਰਨ ਗੁਲਾਮੀ ਵਿੱਚ ਢੋ ਜੇਰੇ' ਜਿਸ ਤੇ ਤੁਸੀਂ ਆਜ਼ਾਦ ਖ਼ਿਆਲ ਕਿਉਂ ਨਹੀਂ"
ਆਓ ਦਸੀਏ ਮੁਲਕ ਨੂੰ ਸ਼ੇਰ ਮਰਦੋ ' ਅੱਤ ਹੋਗਿਆ ਜੇ ਮੰਦਾ ਹਾਲ ਕਿਉਂ ਨਹੀਂ"
ਚਲੋ ਉਪਦੇਸ਼ ਕਰੀਏ ਮੁਲਕ ਵਾਲਿਆਂ ਨੂੰ ਸਾਡਾ ਖੋਲ ਦੇ ਜ਼ੁਲਮ ਦਾ ਹਾਲ ਕਿਉਂ ਨਹੀਂ
ਸਾਡੇ ਕੌਮ ਅਪੂਰਨੇ ਪਏ ਸਾਰੇ ' ਹੈ ਮਲੂਮ ਸਾਡੇ ਪੱਲੇ ਮਾਲ ਕਿਉਂ ਨਹੀਂ"
ਦੇਸ਼ੋਂ ਕਢੀਏ ਚਲਕੇ ਗੋਰਿਆਂ ਨੂੰ ' ਦੇਖੋ ਫੇਰ ਹੁੰਦੇ ਮਾਲਾ ਮਾਲ ਕਿਉਂ ਨਹੀਂ"
ਲੈਂਡੀ ਫੇਰੀਏ ਮੁਲਕ ਉਧਾਰ ਕਾਰਨ ' ਦਿਨਾਂ ਵਿੱਚ ਬਦਲੂ ਸਾਡਾ ਹਾਲ ਕਿਉਂ ਨਹੀਂ
ਗਦਰ ਕਰੀਏ ਚਲਕੇ ਮੁਲਕ ਅੰਦਰ ' ਦਿੰਦੇ ਦੇਸ਼ ਅੰਦਰ ਭਾਂਬੜੀ ਬਾਲ ਕਿਉਂ ਨਹੀਂ
ਸਭੋ ਚੀਨੇ ਕੇ ਡਿਓਟੀਆਂ ਵੰਡ ਦੇਈਏ ' ਕਰਦੇ ਪਾਂਬਰਾਂ ਦਾ ਮੰਦਾ ਹਾਲ ਕਿਉਂ ਨਹੀਂ"
ਫੌਜਾਂ ਵਾਲਿਓ ਕਾਸਨੂੰ ਦੇਰ ਲਾਈ ' ਦਿੰਦੇ ਜਾਲਮਾਂ ਦੀਆਂ ਸਫਾਂ ਗਾਲ ਕਿਉਂ ਨਹੀਂ
ਕਿਉਂ ਖਾਮੋਸ਼ ਬੈਠੇ ਆਓ ਮਰਨ ਵਾਲੇ ' ਸਾਡੇ ਦਿਲੀਂ ਆਜ਼ਾਦੀ ਦਾ ਖ਼ਿਆਲ ਕਿਉਂ ਨਹੀਂ
ਹੋਕਾ ਦੁਖੀ ਦੇਂਦੇ ਮੁਲਕ ਪੈ ਰੁਹੇ ਦਾ ' ਜਲਦੀ ਗੈਹਣ ਕਰਦੇ ਖ਼ੁਸ਼ੀ ਨਾਲ ਕਿਉਂ ਨਹੀਂ
ਖਾੜੇ ਦੇਸ਼ ਦੀ ਝੂਟਗਏ ਫਾਂਸੀਆਂ ਤੇ ' ਗੁਸੇ ਨਾਲ ਹੁੰਦੇ ਚੇਹਰੇ ਲਾਲ ਕਿਉਂ ਨਹੀਂ"
ਏਸੇ ਤਾਂ ਪੰਜਾਬ ਦਾ ਰਾਜ ਦਿਤਾ ' ਰਹੀ ਬਾਤ ਦੀ ਸਮਝ ਦੇ ਚਾਲ ਕਿਉਂ ਨਹੀਂ"
ਬਾਰ ਬਾਰ ਏਹ ਗਦਰ ਦੀ ਬੇਨਤੀ ਹੈ ' ਲੈਂਦੇ ਆਪਣਾ ਮੁਲਕ ਸੰਭਾਲ ਕਿਉਂ ਨਹੀਂ

ਚੰਗਾ ਵਕਤ ਹੈ ਗਦਰ ਮਚਾਵਣੇ ਦਾ ' ਜਿਦੇ ਮਤਾਂ ਕਿਉਂ ਡੇਰੀਆਂ ਲਾਈਆਂ ਕਿਉਂ"
ਬੜੇ ਸ਼ਾਨ ਤੇ ਮਾਣ ਗੁਮਾਨ ਵਾਲੇ ' ਫੱਟਾਂ ਚੁਕਦੇ ਫਿਰੋ ਪਰਾਈਆਂ ਕਿਉਂ "
ਲੜਨ ਮਰਨ ਤੋਂ ਜੇ ਡਰ ਖੇਦ ਆਵੇ ' ਔਂਦੇ ਦਿਤੀਆਂ ਗਦਰ ਨੂੰ ਸਾਈਆਂ ਕਿਉਂ"
ਮਾਰੋ ਰੁਖੀਆਂ ਰੋਟੀਆਂ ਮਸਤ ਰੈਹਿੰਦੇ ' ਫੜਕੇ ਆਸ਼ੀਆਂ ਦੇ ਵਾਗ ਲਾਈਆਂ ਕਿਉਂ"
ਫੌਜਾਂ ਵਾਲਿਓ ਤੁਸਾਂ ਦੀ ਮਤ ਮਾਰੀ ' ਲੋਕਾਂ ਵਾਸਤੇ ਕਰੋ ਲੜਾਈਆਂ ਕਿਉਂ"
ਬੁਰੀ ਨੌਕਰੀ ਨਰਕ ਤੋਂ ਕੈਹਣ ਸਿਆਣੇ' ਜਾਣ ਬੁੱਝਕੇ ਬੇੜੀਆਂ ਪਾਈਆਂ ਕਿਉਂ"
ਵੈਰੀ ਤੁਸਾਂ ਦਾ ਪੇਸ਼ਿਆ ਵਿੱਚ ਯੂਰਪ ' ਵੇਲਾ ਸਾਂਭ ਲੋ ਫੇਰੀਆਂ ਡਾਈਆਂ ਕਿਉਂ

## ਕਾਫੀ ਫੇਰ

ਗਦਰ ਪਾਰਟੀ ਬੀੜਾ ਚੁਕਿਆ ਹਿੰਦ ਆਜ਼ਾਦ ਕਰਾਵਣ ਦਾ ।
ਆਓ ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ ॥
ਫੌਜ ਬਥੇਰੀ ਪਾਸ ਅਸਾਡੇ ਭਾਈ ਸਾਡੇ ਬੇੜਿਆਂ ਮੇਂ ।
ਨਾਮ ਕਟੇ ਤੇ ਕਈ ਰਜ਼ਰਵੀਏ ਵਸਦੇ ਨਗਰ ਖੇੜਿਆਂ ਮੇਂ ॥
ਲੋਕ ਹਿੰਦ ਦੇ ਬੜੇ ਸੁਦਾਈ ਫਸ ਗਏ ਮਜ਼੍ਹਬੀ ਝੇੜਿਆਂ ਮੇਂ ।
ਰਾਜਨੀਤ ਦਾ ਪਤਾ ਨਾਂ ਕੋਈ ਝਗੜਨ ਪਏ ਬਖੇੜਿਆਂ ਮੇਂ ॥
ਟੁਕੜੇ ਤੇ ਸਭ ਭੁਖੇ ਮਰਦੇ ਫਿਕਰ ਸੁਰਗ ਨੂੰ ਜਾਵਣ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ ॥
ਹਿੰਦੂ ਸਿੱਖ ਮੁਸਲਮਾਨ ਸਾਰੇ ਇਕੋ ਕੌਮ ਅਸਾਡੀ ਹੈ ।
ਏਹ ਬਦਮਾਸ਼ ਚਾਲਾਕ ਫਰੰਗੀ ਸਭ ਨੂੰ ਕੀਤਾ ਫਾੜੀ ਹੈ ॥
ਆਪਸ ਵਿਚ ਇਤਫਾਕ ਨਾਂ ਕੀਤਾ ਵਡੀ ਭੁਲ ਅਸਾਡੀ ਹੈ ।
ਟਰਕੀ, ਚੀਨ, ਮਿਸ਼੍ਰ, ਤੇ ਕਾਬਲ, ਜਰਮਨ, ਭੀ ਵਲ ਸਾਡੀ ਹੈ ॥
ਆਓ! ਕਠੇ ਹੋਕੇ ਲੜੀਏ ਵੇਲਾ ਹੈ ਮਿਲ ਜਾਵਣ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ ॥
ਮੰਦ੍ਰ ਅਤੇ ਮਸੀਤਾਂ ਵਿਚੋਂ ਚੰਗੇ ਲੋਕ ਨਿਕਾਲੇ ਜੀ ।
ਗੁਰੂਦਵਾਰੇ ਵੇਚਣ ਵਾਲੇ ਭਾਈ ਦਿਲ ਦੇ ਕਾਲੇ ਜੀ ॥
ਰਾਏ ਬਹਾਦਰ, ਖਾਨ ਬਹਾਦਰ, ਬਾਂਦਰ ਪੂੰਛ ਵਾਲੇ ਜੀ ।
ਖੁਫੀਆ ਦੇਸ਼ ਘਾਤ ਓਹ ਕਰਦੇ ਸਾਡੇ ਜੋ ਰਖਵਾਲੇ ਜੀ ॥
ਇਹਨਾਂ ਪਾਪੀ ਲੋਕਾਂ ਕੋਲੋਂ ਫਿਕਰ ਕਰੋ ਬਚ ਜਾਵਣ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ ॥
ਕੌਮੀ ਸੇਵ ਕਰੇ ਨਾਂ ਕਰਦੇ ਜੋ ਇੱਜ਼ਤ ਦੇ ਭੁੱਖੇ ਜੀ ।
ਗਲਾਂ ਥੀ ਘਰ ਪੂਰਾ ਕਰਦੇ ਵਿਚੋਂ ਰੈਂਹਦੇ ਰੁਖੇ ਜੀ ॥
ਕੌਮ ਕਾਰ ਨੂੰ ਜੀ ਨਾਂ ਕਰਦਾ ਤੀਰ ਚਲਾਵਣ ਸੁਕੇ ਜੀ ।
ਇਹਨਾਂ ਕੋਲੋਂ ਬਚਣਾਂ ਯਾਰੋ ਏਹ ਸ਼ਿਕਾਰੀ ਕੁਤੇ ਜੀ ॥
ਉਹਨਾਂ ਕੌਮੀ ਕੰਮ ਕੀ ਕਰਨਾਂ ਫਿਕਰ ਜਿਨਾਂ ਫੜੇ ਜਾਵਣ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ ॥

ਲੀਡਰ ਬਣਕੇ ਇਜ਼ਤ ਚੌਹੁੰਦੇ ਕੌਮੀ ਸੇਵ ਕਰਦੇ ਨਾਂ ।
ਡਾਕੂ ਸਾਨੂੰ ਲੁੱਟੀ ਜਾਂਦੇ ਰਾਖੀ ਸਾਡੀ ਕਰਦੇ ਨਾਂ ॥
ਆਪ ਬਹਾਰਾਂ ਲੁੱਟਣ ਬੈਠੇ ਫਿਕਰ ਉਨਾਂ ਨੂੰ ਘਰਦੇ ਨਾਂ ।
ਸੱਚੀ ਸੇਵ ਕਰਨ ਨਾਂ ਦਿੰਦੇ ਪਾਸੇ ਹੋਕੇ ਮਰਦੇ ਨਾਂ ॥
ਉਲਟ ਮਰਜ਼ ਉਨਾਂ ਨੂੰ ਲੱਗਾ ਟੰਗਾਂ ਵਿਚੋਂ ਅੜਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਜਾਨ ਪਯਾਰੀ ਕਰੋ ਨਾਂ ਸ਼ੇਰੋ ਇਕੱ ਦਿਨ ਨਿਕਲ ਜਾਣੀ ਹੈ ।
ਜਿਨਾਂ ਕੌਮੀ ਸੇਵ ਕਰਨੀ ਮਿਲਣਾਂ ਪਦ ਨਿਰਬਾਣੀ ਹੈ ॥
ਦੁਨੀਆਂ ਵਿਚੋਂ ਨਾਂ ਡੈਂਡਾ ਸਾਡਾ ਅੱਖੀ ਸਾਡੀ ਕਾਣੀ ਹੈ ।
ਦੁਨੀਆਂ ਦੇ ਵਿਚੋਂ ਨਾਲ ਅਸਾਡੇ ਹੁੰਦੀ ਕੁੱਤੇ ਖਾਣੀ ਹੈ ॥
ਤੱਨ ਮੱਨ ਧੱਨ ਸਭ ਵਾਰੋ ਜੇਕਰ ਸ਼ੌਕ ਨਸ਼ਾਨ ਚੜ੍ਹਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਸ਼ਾਹੂਕਾਰ ਗੁਲਾਮੀ ਅੰਦ੍ਰ ਜੈਸੇ ਕੀੜਾ ਮੋਰੀ ਦਾ ।
ਸੇਵ ਖਾਤ੍ਰ ਕੁਝ ਨਾਂ ਦੇਂਦਾ ਘੁੱਟ ਲਿਆ ਮੂੰਹ ਬੋਰੀ ਦਾ ॥
ਗਦਰ ਪਾਰਟੀ ਲੇਖਾ ਲੈਣਾਂ ਕੰਮ ਨਹੀਂ ਕੋਈ ਚੋਰੀ ਦਾ ।
ਰਲ ਮਿਲ ਸਾਰੇ ਕਰੋ ਖਾਤਮਾਂ ਕੌਮ ਫਰੰਗੀ ਗੋਰੀ ਦਾ ॥
ਸ਼ਾਹੂਕਾਰੋ ਰਲ ਮਿਲ ਕੇ ਏਹ ਸਾਂਝਾ ਕੰਮ ਚਲਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਦੁਸ਼ਮਣ ਸਾਡਾ ਯੂਰਪ ਦੇ ਵਿਚ ਫਸਿਆ ਫਾਹੀ ਡਾਡੀ ਹੈ ।
ਜਰਮਨ ਸ਼ੇਰ ਖੜਾ ਹੈ ਘੇਰੀ ਹੁਣ ਤਾਂ ਢਿੱਲ ਅਸਾਡੀ ਹੈ ॥
ਅਗੇ ਜਿੱਤ ਹਮੇਸ਼ਾ ਕਰਦਾ ਹੁਣ ਤਾਂ ਜ਼ਾਲਮ ਢਾਡੀ ਹੈ ।
ਛੇਤੀ ਹਿੰਮਤ ਕਰੋ ਹਿੰਦੀਓ ਹੁਣ ਤਾਂ ਕਸਰ ਤੁਸਾਡੀ ਹੈ ॥
ਹਥੋਂ ਹਥੀਂ ਫੜ ਲੋ ਸ਼ੇਰੋ ਵੇਲਾ ਢਿੱਲ ਨਾਂ ਲਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਵੇਲਾ ਨਹੀਂ ਖੁੰਜਾਵਨ ਦਾ ॥
ਪੈਹਿਲਾਂ ਗਦਰ ਪਰਟੀ ਸਾਰੇ ਦੇਸ਼ ਵਿਚ ਪ੍ਰਚਾਰ ਕਰੇ ।
ਖੁਲਮ ਖੁਲਾ ਪ੍ਰਜਾ ਤਾਈਂ ਚੋਰਾਂ ਥੀਂ ਹੁਸ਼ਿਆਰ ਕਰੇ ॥
ਡਾਕੇ ਮਾਰ ਡਾਕੂਆਂ ਉਤੇ ਕੱਠੇ ਭੀ ਹਥਯਾਰ ਕਰੇ ।
ਜੈਸਾ ਜੈਸਾ ਮੌਕਾ ਦੇਖੇ ਸਾਰਾ ਕਾਰ ਵਿਹਾਰ ਕਰੇ ॥

ਸੁਤੀ ਪ੍ਰਜਾ ਜਾਗ ਪਈ ਜਦ ਅਜੇ ਕੌਮ ਉਠਾਵਨ ਦਾ ।
ਆਓ ! ਸ਼ੋਰ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਦਾਣਾ ਫਕ ਬੰਦ ਕਰੋ ਹੁਣ ਇੰਗਲੈਂਡ ਨੂੰ ਜਾਵਨ ਤੇ ।
ਕਣਕ ਟੇਸ਼ਨਾਂ ਉਤੇ ਜੇਹੜੀ ਹੋ ਜਾਓ ਅੱਗ ਲਗਾਵਨ ਤੇ ॥
ਰੇਲਾਂ ਤਾਰਾਂ ਕੱਟ ਦਿਓ ਹੁਣ ਹੋ ਜਾਓ ਪੁਲਾਂ ਨੂੰ ਢਾਵਨ ਤੇ ।
ਰਾਤ ਬਰਾਤੇ ਅਗੇ ਪਿਛੇ ਹੋ ਜਾਓ ਦਾਉ ਲਗਾਵਨ ਤੇ ॥
ਪੁਲਸ ਫੌਜ ਜੋ ਅਗੇ ਆਵੇ ਕੰਮ ਕਰੋ ਸਮਝਾਵਨ ਦਾ ।
ਆਓ! ਸ਼ੋਰ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਧੋਖੇ ਬਾਜ਼ ਫਰੰਗੀ ਦੁਨੀਆਂ ਉਪਰ ਜਾਲ ਵਛਾਇਆ ਹੈ ।
ਹੁਣ ਤਾਂ ਮੁਸ਼ਕਲ ਬਣ ਗਈ ਸਿਰ ਤੇ ਬੈਹਤਾ ਹੀ ਘਬ੍ਰਾਇਆਂ ॥
ਮੱਥਾ ਲਗਾ ਨਾਲ ਜਰਮਨੀ ਹੁਣ ਕਿਓਂ ਮੂੰਹ ਕੁਮਲਾਇਆ ਹੈ ।
ਸਾਰੀ ਬੰਦ ਤਜਾਰਤ ਹੋਈ ਸਾਸ ਲਬਾਂ ਤੇ ਆਇਆ ਹੈ ॥
ਹੁਣ ਤਾਂ ਪੇਸ਼ ਕੋਈ ਭੀ ਜਾਂਦੀ ਢੰਗ ਨਹੀਂ ਬਚ ਜਾਵਨ ਦਾ ।
ਆਓ ! ਸ਼ੋਰ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਐਸਾ ਮੌਕਾ ਹੱਥ ਨਾ ਔਣਾ ਵੇਲਾ ਹੈ ਹੁਸ਼ਿਆਰੀ ਦਾ ।
ਦੁਸ਼ਮਣ ਫਸਿਆ ਵਿਚ ਕੁੜਿੱਕੀ ਮੌਕਾ ਗਦਰ ਤਿਆਰੀ ਦਾ ॥
ਪਤਲਾ ਕਰੋ ਸ਼ਤਾਬੀ ਸ਼ੋਰੋ ਮਨਤਰ ਏਸ ਮਦਾਰੀ ਦਾ ।
ਅਖੀਂ ਘੱਟਾ ਪਾ ਨਾ ਜਾਵੇ ਬਚਣਾ ਦਾਓ ਕੀ ਵਾਰੀ ਦਾ ॥
ਏਸ ਕੌਮ ਨੂੰ ਸ਼ਰਮ ਨਾ ਕੋਈ ਕਰਦੇ ਢੰਗ ਫਸਾਵਨ ਦਾ ।
ਆਓ ! ਸ਼ੋਰ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਫੈਲੀ ਹੀ ਸਭ ਦੁਨੀਆਂ ਅੰਦਰ ਜੰਗ ਬੜਾ ਮਚ ਜਾਵੇਗਾ ।
ਜੇਹੜਾ ਕਰੂ ਤਿਆਰੀ ਨਾਂ ਓਹ ਆਪਣਾ ਨਾਸ਼ ਕਰਾਵੇਗਾ ॥
ਸਾਰੀ ਉਮਰ ਗੁਲਾਮੀ ਅੰਦਰ ਝੂਰ ਝੂਰ ਜਾਨ ਗਵਾਵੇਗਾ ।
ਸਭੇ ਗੈਰਤ ਕਾਰਨ ਉਸਨੂੰ ਬੁਜ਼ਦਿਲ ਨਾਮ ਧਰਾਵੇਗਾ ॥
ਏਸ ਗੁਲਾਮੀ ਨਾਲੋਂ ਯਾਰੋ ਕੌਮ ਚੰਗਾ ਮਰ ਜਾਵਨ ਦਾ ।
ਆਓ ! ਸ਼ੋਰ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਨ ਦਾ ॥
ਵਿਚ ਗੁਲਾਮੀ ਜੀਊਂਦੇ ਰਹਿਣਾ ਏਹ ਮਰਦਾਂ ਦੀ ਕਾਰ ਨਹੀਂ ।
ਐਸਾ ਫੇਰ ਤੁਸਾਨੂੰ ਮੁੜਕੇ ਔਣਾ ਹੱਥ ਸ਼ਿਕਾਰ ਨਹੀਂ ॥

ਮਗਰ ਗਜਰੇ ਵਿੱਚ ਮੈਦਾਨੀ ਝੁੱਡੂ ਲਿਪਾਹ ਪਾਰ ਨਹੀਂ
ਜਾਨ ਪਿਆਰੀ ਕਰੇ ਨਾਂ ਸ਼ੇਰ ਇਸਦਾ ਕੁਝ ਇਤਬਾਰ ਨਹੀਂ
ਆਓ! ਵਿੱਚ ਮੈਦਾਨੀ ਗਜੀਏ ਵੇਲਾ ਪਿਛੰ ਨਾਂ ਜਾਵਣਦਾ
ਆਓ! ਸ਼ੇਰ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਣਦਾ

## ਕਬਿਤ

ਚੀਜ਼ ਕੀ ਜਹਾਨ ਦੀ ਜੋ ਲੋੜ ਸਾਨੂੰ ਪਾਨ ਦੀ ਹੈ ।
ਦੇਸ਼ ਵਿੱਚ ਜਾਕੇ ਪ੍ਰਚਾਰ ਨੂੰ ਵਧਾਨ ਦੀ ॥
ਕੁਲ ਦੇਸ਼ ਵਾਸੀਆਂ ਦੇ ਕੰਨ ਵਿੱਚ ਪਾਓ ਗੱਲ ।
ਹੋਊਗੀ ਤਿਆਰੀ ਝੱਟ ਜੰਗ ਦੇ ਮਚਾਨ ਦੀ ॥
ਪਾਣੇ ਹੈ ਆਜ਼ਾਦੀ ਪਹਿਲੇ ਕੱਢ ਦੇਈਏ ਬਾਹਰਾਂ ਨੂੰ ।
ਹੋਵੇਗੀ ਅਸਾਡੀ ਬਾਦਸ਼ਾਹੀ ਸ਼ਾਨ ਮਾਨ ਦੀ ॥
ਹੋਵੇਗੀ ਤ੍ਰੱਕੀ ਪਿਛੋਂ ਬਹੁਤ ਹੀ ਸੁਖਾਲੀ ਸਾਡੀ ।
ਕਰ ਲੈ ਤਿਆਰੀ ਪਹਿਲਾਂ ਗਦਰ ਮਚੌਣ ਦੀ ॥

੨

ਵਿਦਿਆ ਬਥੇਰੀ ਵਧ ਜਾਏਗੀ ਆਜ਼ਾਦੀ ਹੋਇਆਂ
ਕਿਸੇ ਨਾਂ ਮਜਾਲ ਫੇਰ ਸਾਨੂੰ ਅਟਕਾਨ ਦੀ ॥
ਬਸੇ ਰਸੇ ਹਸੇਗਾ ਤਾਂ ਸਾਰਾ ਹੀ ਆਜ਼ਾਦ ਹਿੰਦ ।
ਰੈਲੀ ਜੜੋਂ ਹੋਈ ਪੰਡ ਟੈਕਸ ਲਗਾਨ ਦੀ ॥
ਬਚੇਂ ਅਤੇ ਔਰਤਾਂ ਨਾਂ ਸਾਨੂੰ ਕੋਈ ਰੋਕ ਸਕੂ ।
ਪੂਰੀ ਕਰੋ ਲੋੜ ਪਹਿਲਾਂ ਹਿੰਦ ਦੇ ਨਸ਼ਾਨ ਦੀ ॥
ਹੋਵੇਗੀ ਤ੍ਰੱਕੀ ਪਿਛੋਂ ਬਹੁਤ ਹੀ ਸੁਖਾਲੀ ਸਾਡੀ ।
ਕਰ ਲੈ ਤਿਆਰੀ ਪਹਿਲਾਂ ਗਦਰ ਮਚੌਣ ਦੀ ॥

੩

ਬਚਾਂ ਬਚਾਂ ਦੇਸ਼ ਦਾ ਜੋ ਰਖੇ ਹਥਿਆਰ ਪਾਸ ।
ਰਹੇ ਕੋਈ ਲੋੜ ਨਾਂ ਤਲਾਸ਼ੀਆਂ ਕਰੌਣ ਦੀ ॥

ਮੂਰਖ ਨਾਂ ਕੋਈ ਹੋਵੇ ਸਭੇ ਵਿਦਵਾਨ ਹੋਵਨ '
ਸਭੇ ਧਨਵਾਨ ਲੋੜ ਕਿਸੇ ਨਾਂ ਦੁਗਾਨ ਦੀ "
ਹੀਰਾ ਹਿੰਦ ਸਾਡਾ ਸਾਰੇ ਦੇਸ਼ਾਂ ਤੋਂ ਉਚੇਰਾ ਯਾਰੋ '
ਦਿਤਾ ਰੱਬ ਏਹ ਫਰੰਗੀਆਂ ਦੇ ਗਲੱ ਵੱਢੀ ਹਾਨਦੀ "
ਹੋਵੇਗੀ ਤ੍ਰੱਕੀ ਪਿਛੋਂ ਬੌਹੁਤ ਹੀ ਸੁਖਾਲੀ ਸਾਡੀ '
ਕਰ ਲੈ ਤਿਆਰੀ ਪੈਹਿਲਾਂ ਗਦਰ ਮਚੌਣ ਦੀ "

੪

ਅਸੀਂ ਦੂਰ ਕਰਾਂਗੇ ਸ਼ਤਾਬੀ ਏਹਨਾਂ ਬਾਂਦਰਾਂ ਨੂੰ '
ਕੋਈ ਨਾਂ ਮਜਾਲ ਸਾਡੇ ਦੇਸ਼ ਪੈਰ ਪਾਨਦੀ "
ਸਾਡੀ ਤਾਂ ਆਬਾਦੀ ਅਜੇ ਤੀਸ ਹੈ ਕਰੋੜ ਭਾਈ '
ਥੋੜੀ ਸੀ ਆਬਾਦੀ ਤੇ ਆਜ਼ਾਦੀ ਹੈ ਜਾਪਾਨ ਦੀ "
ਉਠੋ! ਬੀਰ ਹਿੰਦੀਓ ਸ਼ਤਾਬੀ ਵੇਲਾ ਆਣ ਪੌਹੁੰਚਾ '
ਯੂਰਪ ਦੇ ਵਿਚੋਂ ਫੌਜ ਫਸੀ ਬੇਈਮਾਨ ਦੀ "
ਹੋਵੇਗੀ ਤ੍ਰੱਕੀ ਪਿਛੋਂ ਬੌਹੁਤ ਹੀ ਸੁਖਾਲੀ ਸਾਡੀ '
ਕਰ ਲੈ ਤਿਆਰੀ ਪੈਹਿਲਾਂ ਗਦਰ ਮਚੌਣ ਦੀ "

੫

ਭੁੱਲੇ ਭੋਲੇ ਹਿੰਦੀ ਕਾਲਾ ਨਾਗ ਗੋਦ ਪਾਲਿਓ ਨੇ '
ਖੰਡ ਵਿਚੋਂ ਜ਼ੈਹਿਰ ਪੀਤਾ ਸੰਗ ਜਿਓਂ ਕੁਸੰਗੀ ਦਾ "
ਮਾਲ ਤੇ ਮੁਲਕ ਸਾਰਾ ਖੁਸਾ ਘਰ ਬਾਰ ਸਾਥੋਂ '
ਹੋਗਏ ਗੁਲਾਮ ਫਲ ਮਿਲਿਆ ਖਾਨੰ ਜੰਗੀ ਦਾ "
ਦਰੋਦਰ ਭੁੱਖੇ ਅਸੀਂ ਰੁਲਦੇ ਜਹਾਨ ਵਿਚੋਂ '
ਪਾਇਆ ਫਲ ਪਾਜੀਆਂ ਮੁਰਾਦ ਮੂੰਹੋਂ ਮੰਗੀ ਦਾ "
ਤੋੜਕੇ ਗੁਲਾਮੀ ਕਦੇ ਸ਼ਾਹਿਨ ਸ਼ਾਹ ਕਹਾਏ [illegible] '
ਕਰੋ ਬੀਜ ਨਾਸ਼ ਏਸ ਜ਼ਾਲਮ ਫਰੰਗੀ ਦਾ "

੬

ਮਕੜੀ ਦਾ ਜਾਲ ਤੇ ਵਿਛਾਇਆ ਏਨਾਂ ਜ਼ਾਲਮਾਂ ਨੇ '
ਕੀਤਾ ਹੈ ਗੁਲਾਮ ਵਾਰ ਚਲਿਆ ਦੁਰੰਗੀ ਦਾ "
ਕਦੋਂ ਤਕ ਨਿਭੇਗੀ ਦੀਵਾਨਿਆਂ ਦੇ ਹਾਲ ਯਾਰੋ '
ਕੋਈ ਤੇ ਇਲਾਜ ਕਰੋ ਏਸ ਬਦਰੰਗੀ ਦਾ "

ਕੰਗਲੇ ਕਮੀਨੇ ਬਦਮੁਆਸ਼ਾਂ ਨਾਲ ਪਾਲਾ ਪਾਇਆ ।
ਸੁੱਖ ਤੇ ਆਰਾਮ ਹੋਇਆ ਸੁਫਨਾ ਮਲੰਗੀ ਦਾ ॥
ਵੇਲਾ ਹੈ ਸੰਭਾਲੋ ਉੱਠ ਆਪਣਾ ਮੁਲਕ ਮੋੜੋ ।
ਕਰੋ ਬੀਜ ਨਾਸ ਏਸ ਜ਼ਾਲਮ ਫਰੰਗੀ ਦਾ ॥

## ਕੋਰੜਾ ਛੰਦ

ਹਿੰਦ ਦੇ ਸਪੁਤਰੋ ਕਰੋ ਧਿਆਨ ਜੀ । ਲੁੱਟ ਕੇ ਤੇ ਹਿੰਦ ਕੀਤਾ ਹੈ ਵੈਰਾਨ ਜੀ ॥
ਤੁਸਾਂ ਵਿਚੋਂ ਪਾ ਕੇ ਵੀਰੋ ਖਾਨਾਂ ਜੰਗੀਆਂ ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਹਿੰਦੂ ਮੁਸਲਮਾਨ ਅਤੇ ਸਿੱਖ ਸੂਰਮੇਂ । ਕੁੱਟ ਕੇ ਬਣਾਓ ਵੈਰੀਆਂ ਦੇ ਚੂਰਮੇਂ ॥
ਫੜ ਲੋ ਸੁਤਾਬੀ ਹਥੀਂ ਤੇਗਾਂ ਨੰਗੀਆਂ ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਸਾਡੇ ਵਿਚੋਂ ਕਈ ਕੁੱਤੇ ਸ਼ੁਕਾਰਦੇ । ਆਪੇ ਵਿਚੋਂ ਅਸਾਂ ਨੂੰ ਲੜਾ ਕੇ ਮਾਰਦੇ ॥
ਪੈਹਿਲੇ ਤੁਸੀਂ ਓਨਾਂ ਦੀਆਂ ਪਾ ਲੋ ਵੰਡੀਆਂ ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਰਾਜਪੂਤੋ! ਲਾਜ ਨੂੰ ਤੁਸੀਂ ਗੁਆਓ ਨਾਂ । ਭਾਰਤ ਦੇ ਪੁੱਤ੍ਰਾਂ ਨੂੰ ਦਾਗ ਲਾਓ ਨਾਂ ॥
ਮਾਰ ਕੇ ਮੁਕਾਓ ਦੇਗ ਬਾਜ ਢੰਗੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਕਿਓਂ ਨਾਂ ਸਿੰਘ ਸੂਰਮੇਂ ਮੈਦਾਨੀ ਗਜਦੇ । ਕਿਓਂ ਨਾਂ ਪੀ ਕੇ ਰੱਤ ਗੋਰਿਆਂ ਦੀ ਰਜਦੇ ॥
ਕਢੋ ਦਿਓ ਲੜਾਈ ਦੀਆਂ ਲਾਲ ਝੰਡੀਆਂ ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ
ਹਿੰਦੀਓ! ਕਰੋੜ ਤੁਸੀਂ ਤੈਂਤੀ[੩੩] ਵਸਦੇ । ਚੌਂਹ ਏਹ ਕਰੋੜ ਹੈ ਫਰੰਗੀ ਦਸਦੇ ॥
ਅੱਠ ਅੱਠ ਇਕ ਦੀਆਂ ਪਾ ਲੋ ਵੰਡੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਇੱਕ ਲੱਖ ਸਾਰਾ ਹੈ ਫਰੰਗੀ ਹਿੰਦ ਮੇਂ । ਗਲਾਂ ਦੇਖ ਤੁਸਾਂ ਦਾ ਏਹ ਜਾਣ ਬਿੰਦ ਮੇਂ
ਦੂਰ ਤਦੋਂ ਹੋਣ ਧਾਰਾਂ ਦੀਆਂ ਤੰਗੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਸੁਖਾਂ ਵਾਲੀ ਫੇਜ ਜੇ ਕਰ ਚਾਹੋ ਮਾਨਣੀ ਜ਼ਾਲਮ ਫਰੰਗੀ ਦੀ ਤਾਂ ਹਿੱਕ ਫਾਨਣੀ
ਏਨਾਂ ਨੂੰ ਉਡਾਓ ਨਾਲ ਤੋਪਾਂ ਤੰਗੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਕਰ ਕੇ ਗਦਰ ਏਨਾਂ ਨੂੰ ਕਰੋ ਖਾਂ ਦੂਰ ਜੀ । ਮੋਗਰੇ ਦੇ ਵਾਂਗ ਇੱਟ ਜਿਦੇਂ ਚੂਰ ਜੀ ॥
ਬਾਂਦ੍ਰਾਂ ਦੇ ਵਾਂਗ ਏਹ ਚੜ੍ਹੇ ਦੇ ਦੰਦੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਉਠੋ ਸੂਰਬੀਰੋ ਨਹੀਂ ਵੇਲਾ ਸੌਣ ਦਾ । ਧਾਰ ਲੋ ਇਰਾਦਾ ਯੁਧ ਨੂੰ ਮਚੌਣ ਦਾ ॥
ਪੈਣ ਡੂੰਗੇ ਵੈਣ ਮੇਮਾਂ ਹੋਣ ਰੰਡੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ

## ਬੈਂਤ

ਹਿੰਦੋਸਤਾਨੀਓ ਢਿੱਲ ਨਾਂ ਕਰੋ ਵੀਰੋ । ਛੇਤੀ ਕਰੋ ਹੁਣ ਗਦਰ ਮਚਾਨ ਵਾਲੀ "
ਗਿਆ ਵਕਤ ਨਾਂ ਆਵਣਾ ਹੱਥ ਵੀਰੋ । ਚੰਗੀ ਗੱਲ ਨਾਂ ਫੇਰ ਪਸ਼ਤਾਨ ਵਾਲੀ "
ਪੈਹਿਲਾਂ ਗਦਰ ਪ੍ਰਚਾਰ ਦੀ ਲੋੜ ਸਾਨੂੰ । ਪਿਛੋਂ ਦੂਸਰਾ ਕੰਮ ਕਮਾਨ ਵਾਲੀ "
ਫੌਜਾਂ ਵਿੱਚ ਪ੍ਰਚਾਰ ਦੀ ਲੋੜ ਛੇਤੀ । ਕਰੋ ਆਪਣੇ ਸਾਥ ਮਲਾਨ ਵਾਲੀ "
ਪਿੰਡਾਂ ਵਿੱਚ ਪ੍ਰਚਾਰ ਦੀ ਲੋੜ ਸਾਨੂੰ । ਨਾਲੇ ਗਦਰ ਦੀ ਗੂੰਜ ਸੁਣਾਨ ਵਾਲੀ "
ਜਦੋਂ ਖਬਰ ਹੋਈ ਲੋਕਾਂ ਸਾਰਿਆਂ ਨੂੰ । ਫੇਰ ਕੋਈ ਨਾਂ ਗਲੈਂ ਛਪੈਨ ਵਾਲੀ "
ਫੇਰ ਤੋਪ ਬੰਦੂਕ ਦੀ ਲੋੜ ਸਾਨੂੰ । ਗੋਲੇ ਸੁਟ ਕੇ ਕਿਲੇ ਉਡੈਨ ਵਾਲੀ "
ਫੌਜ ਗੋਰਿਆਂ ਦੀ ਓਥੇ ਬੋਹੁਤ ਥੋੜੀ । ਬੋਹੁਤ ਫੌਜ ਸਾਡੀ ਹਿੰਦੋਸਤਾਨ ਵਾਲੀ
ਨਾਮਰਦੇਂ ਗਜ਼ਰਵੀਏ ਕਰੋ ਅਕਠੇ । ਨਵੀਂ ਹੋਰ ਭਰਤੀ ਨੌਜਵਾਨ ਵਾਲੀ "
ਜਿਨਾਂ ਫੌਜ ਅੰਦਰ ਅਗੇ ਕੰਮ ਕੀਤਾ । ਓਨਾਂ ਖਬਰ ਬੰਦੂਕ ਚੁਗਾਨ ਵਾਲੀ "
ਅਕਠੇ ਕਰਨ ਹਥਿਆਰ ਉਹ ਅਕਲ ਸੇਤੀ । ਸਦੀ ਗੱਲ ਨਾਂ ਏਥੇ ਸੁਣਾਨ ਵਾਲੀ "
ਕਾਬੂ ਕਰਨ ਪੈਹਿਲਾਂ ਜੋ ਹੜੇ ਤੋਪ ਖਾਨੇ । ਅਤੇ ਕਿਲੇ ਭੀ ਕਰਨ ਦਬੈਨ ਵਾਲੀ "
ਜੇਹੜਾ ਕਿਲਾ ਨਾਂ ਅਸਾਂ ਦੇ ਹੱਥ ਆਵੇ । ਦੂਰ ਦੂਰ ਕਰੀਏ ਘੇਰਾ ਪਾਨ ਵਾਲੀ "
ਫੌਜ ਆਪਣੀ ਦਾ ਬਾਹਰੋਂ ਲਾ ਪੈਹਿਰਾ । ਰਸਦ ਬੰਦ ਕਰੀਏ ਅੰਦਰ ਜਾਣ ਵਾਲੀ
ਗੋਰੇ ਮਰਨ ਭੁਖੇ ਆਪੇ ਕਿਲੇ ਅੰਦਰ । ਸਾਨੂੰ ਲੋੜ ਨਾਂ ਤੋਪਾਂ ਚਲਾਣ ਵਾਲੀ "
ਤਾਰਾਂ ਕਟ ਕੇ ਖਬਰ ਨੂੰ ਬੰਦ ਕਰੀਏ । ਖਬਰ ਨਿਕਲੇ ਨਾਂ ਬੇਈਮਾਨ ਵਾਲੀ "
ਹਿੰਦੂ ਸਿੱਖ ਮੁਸਲਮਾਨ ਹੋਏ ਕਠੇ । ਜੰਗ ਕਰ ਦਿਓ ਬੜੇ ਘਮਸਾਨ ਵਾਲੀ "
ਬਸਤੀ ਤੀਹ ਕਰੋੜ ਨਾਂ ਖਤਮ ਹੋਸੀ । ਹੋਵੇ ਜੰਗ ਜੇ ਬੜੇ ਘਮਸਾਨ ਵਾਲੀ "
ਸੈਹਾ ਮਾਰਨਾਂ ਗੋਹਟਿਆਂ ਨਾਲ ਹੁਣ ਤਾਂ । ਨਹੀਂ ਲੋੜ ਬੰਦੂਕ ਚਲਾਨ ਵਾਲੀ "
ਜਾਲਮ ਚਾਰ ਚੁਫੇਰਿਓਂ ਘੇਰਿਆ ਹੈ । ਇਸੇ ਰਾਹ ਨਹੀਂ ਨਿਕਲ ਜਾਣ ਵਾਲੀ "
ਟਰਕੀ, ਅਰਬ, ਫਾਰਸ ਕਾਬਲ ਮਿਸਰ ਪਜੇ ਫੌਜ ਤਿਆਰ ਬਰਤਿਆਰ ਅਫਗਾਨ ਵਾਲੀ
ਸਿਆਚੀਨ ਵਾਲੇ ਜੇ ਕਰ ਕਰਨ ਹਿੰਮਤ । ਹਾਂਗ ਕਾਂਗ ਨੂੰ ਸਾਥ ਮਲਾਣ ਵਾਲੀ
ਸਿੰਘਾਪੁਰ ਅੰਦਰ ਸਾਡਾ ਤੋਪ ਖਾਨਾਂ । ਕਾਫੀ ਫੌਜ ਹੈ ਯੁਧ ਮਚਾਨ ਵਾਲੀ "
ਗੋਰੇ ਲੂਣ ਸਮੋਣੇ ਸਾਡੇ ਵਿੱਚ ਆਟੇ । ਉਠੀ ਫੌਜ ਜਦੋਂ ਹਿੰਦੋਸਤਾਨ ਵਾਲੀ
ਜੇ ਕਰ ਅਜੇ ਭੀ ਵਕਤ ਸੰਭਾਲਿਓ ਨਾਂ । ਮਿਟੀ ਖੁਆਰ ਹੋਸੀ ਹਿੰਦੋਸਤਾਨ ਵਾਲੀ

# ਸਮਾਜਕ ਫਤਹ

## ਹਿੰਦੀ ਕੌਮ ਦੀ ਸਮਾਜਕ ਤਸਖੀਰ!

ਲਾਲਾ ਹਰ ਦਿਆਲ ਦੀ ਕਲਮ ਤੋਂ

ਰਾਜਸੀ ਤੌਰ ਤੇ ਹੁਣ ਤੱਕ ਪੱਕਾ ਨਹੀਂ ਹੁੰਦਾ। ਜਦੋਂ ਤੱਕ ਉਸਦੀ ਬੁਨਿਆਦ
ਮਾਤੇਹਤ ਕੌਮਦੀ ਸਮਾਜਕ ਤਸਖੀਰ ਪਰ ਨਾ ਰੱਖੀ ਜਾਵੇ। ਕਿਸੇ ਕੌਮਦੀ ਦੂਜੀ
ਕੌਮ ਪੁਰ ਪੋਲੀਟੀਕਲ ਜਿੱਤ ਤੋਂ ਬਾਦ ਕੁਦਰਤੀ ਤੌਰ ਪੁਰ ਸਮਾਜਕ ਜਿੱਤ ਦਾ
ਔਣਾ ਭੀ ਜ਼ਰੂਰੀ ਹੈ।

ਪੋਲੀਟੀਕਲ ਹਕੂਮਤ ਫੌਜੀ ਤਾਕਤ ਤੇ ਰਾਜਨੀਤਕ ਚਤਰਾਈ ਦੀ
ਮਾਰਫਤ ਹਾਸਲ ਕੀਤੀ ਜਾਂਦੀ ਹੈ। ਤੇ ਏਹਨਾਂ ਹੀ ਹਥਿਆਰਾਂ ਨਾਲ ਕਾਇਮ
ਭੀ ਰੱਖੀ ਜਾਂਦੀ ਹੈ। ਪਰ ਸਮਾਜਕ ਜਿੱਤ ਹੌਲੀ੨ ਪਰਾਪਤ ਹੋਇਆ ਕਰਦੀ
ਹੈ। ਕਵਾਇਦ ਦਾਨ ਫੌਜਾਂ ਤੇ ਬੜੀਆਂ ਤੋਪਾਂ ਇਸਨੂੰ ਹਾਸਲ ਨਹੀਂ ਕਰ ਸਕ-
ਦੀਆਂ। ਕੱਲੀ ਤਾਕਤ ਨਾਲ ਸਕੰਦਰ ਤੇ ਚੰਗੇਜ਼ ਖਾਂ ਭੀ ਦੂਜੀਆਂ ਕੌਮਾਂ ਦੀ ਸਮਾ-
ਜਕ ਤਸਖੀਰ ਨਹੀਂ ਕਰ ਸਕੇ ਸਨ। ਤਾਕਤ ਕਮਜ਼ੋਰ ਕੌਮਾਂ ਦੀ ਜਥੇਬੰਦੀ ਤੇ
ਜਸਮਾਨੀ ਤਾਕਤ ਨੂੰ ਕੁਚਲ ਸਕਦੀ ਹੈ। ਤਾਕਤ ਕਿਲੇ ਗਿਰਾ ਸਕਦੀ ਹੈ, ਕਮ-
ਜ਼ੋਰ ਕੌਮ ਦੀਆਂ ਫੌਜਾਂ ਨੂੰ ਤਿਤਰ ਬਿਤਰ ਕਰ ਸਕਦੀ ਹੈ। ਪਰੰਤੂ ਜੇਤੂ ਕੌਮ ਨੂੰ
ਇਸ ਕਾਬਲ ਨਹੀਂ ਬਣੇਦੀ ਕਿ ਪਰਜਾ ਦੇ ਦਿਲ ਤੇ ਦਮਾਗ ਉਤੇ ਕਾਬੂ ਪਾ
ਸਕੇ। ਜਦੋਂ ਸਮਾਜਕ ਜਿੱਤ ਦਾ ਵੇਲਾ ਔਂਦਾ ਹੈ ਉਸ ਵੇਲੇ ਤਲਵਾਰ ਫਤਹ
ਮੰਦਾਂ ਵਾਸਤੇ ਬਿਲਕੁਲ ਕਿਸੇ ਕੰਮਦੀ ਚੀਜ਼ ਨਹੀਂ ਰੈਂਹਦੀ,ਕਿਉਂਕਿ ਤਲਵਾਰ
ਇਸ ਨਵੀਂ ਮੁਹਿੰਮ ਦੀ ਕਾਮਯਾਬੀ ਨੂੰ ਬਰਬਾਦ ਕਰ ਦਿੰਦੀ ਹੈ। ਤਲਵਾਰ
ਇਸ ਮੌਕੇ ਤੇ ਮਿਆਨ ਵਿਚ ਹੋਣੀ ਚਾਹੀਦੀ ਹੈ ਤੇ ਕੁਝ ਸਮੇਂ ਲਈ ਨਜ਼ਰੋਂ
ਓਹਲੇ ਰੱਖ ਦੇਣੀ ਚਾਹੀਦੀ ਹੈ। ਜੇਹੜੇ ਲੋਕ ਇਸ ਗੱਲ ਨੂੰ ਜਾਣਦੇ ਹਨ ਕਿ
ਕੇਹੜੀਆਂ ਹਾਲਤਾਂ ਵਿਚ ਇਕ ਜ਼ਬਰਦਸਤ ਕੌਮ ਦੂਜੀਆਂ ਉਤੇ ਆਪਣੀ ਹਕੂ-
ਮਤ ਕਾਇਮ ਕਰ ਸਕਦੀ ਹੈ, ਤੇ ਕਾਇਮ ਰੱਖ ਸਕਦੀ ਹੈ ਓਹ ਰਾਜਸੀ ਜਿਤ
ਨੂੰ ਪਕਿਆਂ ਤੇ ਅਮਰ ਕਰਨ ਵਾਸਤੇ ਸਮਾਜਕ ਜਿਤ ਦੀ ਲੋੜ ਨੂੰ ਭੀ ਸਮਝਦੇ
ਹਨ। ਕੋਈ ਕੌਮ ਆਪਣੇ ਆਜ਼ਾਦੀ ਦੇ ਪੈਦਾਇਸ਼ੀ ਹੱਕ ਨੂੰ ਨਹੀਂ ਭੁਲ ਸਕਦੀ
ਜਦੋਂ ਤੱਕ ਕਿ ਲਾਲਚ, ਐਸ਼ ਤੇ ਆਲਸ ਦਵਾਰਾ ਓਹ ਏਥੇ ਤੱਕ ਨਾ ਗਿਰ

# ਸਮਾਜਕ ਫਤਹ

## ਹਿੰਦੀ ਕੌਮ ਦੀ ਸਮਾਜਕ ਤਸਖੀਰ!

ਲਾਲਾ ਹਰ ਦਿਆਲ ਦੀ ਕਲਮ ਤੋਂ

ਰਾਜਸੀ ਤੌਰ ਤੇ ਉਦੋਂ ਤੱਕ ਪੱਕਾ ਨਹੀਂ ਹੁੰਦਾ। ਜਦੋਂ ਤੱਕ ਉਸਦੀ ਬੁਨਿਆਦ ਮਾਤੈਹਤ ਕੌਮਦੀ ਸਮਾਜਕ ਤਸਖੀਰ ਪਰ ਨਾ ਰੱਖੀ ਜਾਵੇ। ਕਿਸੇ ਕੌਮਦੀ ਦੂਜੀ ਕੌਮ ਪੁਰ ਪੋਲੀਟੀਕਲ ਜਿੱਤ ਤੋਂ ਬਾਦ ਕੁਦਰਤੀ ਤੌਰ ਪੁਰ ਸਮਾਜਕ ਜਿੱਤ ਦਾ ਔਣਾ ਭੀ ਜ਼ਰੂਰੀ ਹੈ।

ਪੋਲੀਟੀਕਲ ਹਕੂਮਤ ਫੌਜੀ ਤਾਕਤ ਤੇ ਰਾਜਨੀਤਕ ਚਤਰਾਈ ਦੀ ਮਾਰਫਤ ਹਾਸਲ ਕੀਤੀ ਜਾਂਦੀ ਹੈ। ਤੇ ਏਹਨਾਂ ਹੀ ਹਥਿਆਰਾਂ ਨਾਲ ਕਾਇਮ ਭੀ ਰੱਖੀ ਜਾਂਦੀ ਹੈ। ਪਰ ਸਮਾਜਕ ਜਿੱਤ ਹੌਲੀ੨ ਪਰਾਪਤ ਹੋਇਆ ਕਰਦੀ ਹੈ। ਕਵਾਇਦ ਦਾਨ ਫੌਜਾਂ ਤੇ ਬੜੀਆਂ ਤੋਪਾਂ ਇਸਨੂੰ ਹਾਸਲ ਨਹੀਂ ਕਰ ਸਕਦੀਆਂ। ਕੱਲੀ ਤਾਕਤ ਨਾਲ ਸਕੰਦਰ ਤੇ ਚੰਗੇਜ਼ ਖਾਂ ਭੀ ਦੂਜੀਆਂ ਕੌਮਾਂ ਦੀ ਸਮਾਜਕ ਤਸਖੀਰ ਨਹੀਂ ਕਰ ਸਕੇ ਸਨ। ਤਾਕਤ ਕਮਜ਼ੋਰ ਕੌਮਾਂ ਦੀ ਜਥੇਬੰਦੀ ਤੇ ਜਸਮਾਨੀ ਤਾਕਤ ਨੂੰ ਕੁਚਲ ਸਕਦੀ ਹੈ। ਤਾਕਤ ਕਿਲੇ ਗਿਰਾ ਸਕਦੀ ਹੈ, ਕਮਜ਼ੋਰ ਕੌਮ ਦੀਆਂ ਫੌਜਾਂ ਨੂੰ ਤਿਤਰ ਬਿਤਰ ਕਰ ਸਕਦੀ ਹੈ। ਪਰੰਤੂ ਜੇਤੂ ਕੌਮ ਨੂੰ ਇਸ ਕਾਬਲ ਨਹੀਂ ਛਡੇਂਦੀ ਕਿ ਪਰਜਾ ਦੇ ਦਿਲ ਤੇ ਦਮਾਗ਼ ਉਤੇ ਕਾਬੂ ਪਾ ਸਕੇ। ਜਦੋਂ ਸਮਾਜਕ ਜਿੱਤ ਦਾ ਵੇਲਾ ਔਂਦਾ ਹੈ ਉਸ ਵੇਲੇ ਤਲਵਾਰ ਫਤਹਮੰਦਾਂ ਵਾਸਤੇ ਬਿਲਕੁਲ ਕਿਸੇ ਕੰਮਦੀ ਚੀਜ਼ ਨਹੀਂ ਰੈਂਹਦੀ,ਕਿਉਂਕਿ ਤਲਵਾਰ ਇਸ ਨਵੀਂ ਮੁਹਿੱਮ ਦੀ ਕਾਮਯਾਬੀ ਨੂੰ ਬਰਬਾਦ ਕਰ ਦਿੰਦੀ ਹੈ। ਤਲਵਾਰ ਇਸ ਮੌਕੇ ਤੇ ਮਿਆਨ ਵਿਚ ਹੋਣੀ ਚਾਹੀਦੀ ਹੈ ਤੇ ਕੁਝ ਸਮੇਂ ਲਈ ਨਜ਼ਰੋਂ ਓਹਲੇ ਰੱਖ ਦੇਣੀ ਚਾਹੀਦੀ ਹੈ। ਜੇਹੜੇ ਲੋਕ ਇਸ ਗੱਲ ਨੂੰ ਜਾਣਦੇ ਹਨ ਕਿ ਕੇਹੜੀਆਂ ਹਾਲਤਾਂ ਵਿਚ ਇਕ ਜ਼ਬਰਦਸਤ ਕੌਮ ਦੂਜੀਆਂ ਉਤੇ ਆਪਣੀ ਹਕੂਮਤ ਕਾਇਮ ਕਰ ਸਕਦੀ ਹੈ, ਤੇ ਕਾਇਮ ਰੱਖ ਸਕਦੀ ਹੈ ਓਹ ਰਾਜਸੀ ਜਿਤ ਨੂੰ ਪਕਿਆਂ ਤੇ ਅਮਰ ਕਰਨ ਵਾਸਤੇ ਸਮਾਜਕ ਜਿ.ਤ ਦੀ ਲੋੜ ਨੂੰ ਭੀ ਸਮਝ ਦੇ ਹਨ। ਕੋਈ ਕੌਮ ਆਪਣੇ ਆਜ਼ਾਦੀ ਦੇ ਪੈਦਾਇਸ਼ੀ ਹੱਕ ਨੂੰ ਨਹੀਂ ਭੁਲ ਸਕਦੀ ਜਦੋਂ ਤੱਕ ਕਿ ਲਾਲਚ, ਐਸ਼ ਤੇ ਆਲਸ ਦਵਾਰਾ ਓਹ ਏਥੋਂ ਤੱਕ ਨਾ ਗਿਰਾ

ਦਤੀ ਜਾਵੇ ਕਿ ਉਹ ਕੌਮੀ ਫਖਰ, ਸਵਮਾਨ, ਮਜ਼ਹਬੀ ਜੋਸ਼ ਤੇ ਸਮਾਜਕ ਭਲਾਈ ਵਾਸਤੇ ਆਪਣੀ ਜ਼ਾਤੀ ਜ਼ਿਮੇਵਾਰੀ ਦੀਆਂ ਸਿਫਤਾਂ ਨੂੰ ਭੁਲ ਜਾਏ। ਕਿਸੇ ਕੌਮਦੀ ਇਖਲਾਕੀ ਗਿਰਾਵਟ ਉਸ ਉਤੇ ਦੂਜੀ ਕੌਮ ਦੀ ਹਕੂਮਤ ਦਾ ਰਸਤਾ ਸਾਫ ਕਰ ਦਿੰਦੀ ਹੈ ਤੇ ਪਰਾਈ ਹਕੂਮਤ ਦਾ ਹੋਣਾ ਹੀ ਇਖਲਾਕੀ ਗਿਰਾਵਟ ਦੀ ਰਫਤਾਰ ਨੂੰ ਤੇਜ਼ ਕਰਦਾ ਹੈ। ਪ੍ਰੋਫੈਸਰ ਸੀਲੇ ਦਾ ਕਥਨ ਹੈ ਕਿ ਪਰਾਈ ਹਕੂਮਤ ਇਖਲਾਕੀ ਅਸੋਗਤੀ ਦਾ ਕਾਰਣ ਹੈ। ਇਸ ਤਰਾਂ ਇਖਲਾਕੀ ਗਿਰਾਵਟ ਪਰਾਈ ਹਕੂਮਤ ਦਾ ਕਾਰਨ ਤੇ ਨਤੀਜਾ ਭੀ ਹੈ। ਜਿਸਤਰਾਂ ਕਿ ਬੁਖਾਰ ਓਸ ਆਦਮੀ ਨੂੰ ਦਬੋਂਦਾ ਹੈ ਜਿਸਦੀ ਜਸਮਾਨੀ ਹਾਲਤ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਯਾ ਸੇਹਤ ਦੇ ਅਸੂਲਾਂ ਦੇ ਉਲਟ ਚਲੱਣ ਕਰਕੇ ਕਮਜ਼ੋਰ ਹੋਵੇ ਤੇ ਨਾਲ ਹੀ ਉਸਨੂੰ ਬੀਮਾਰੀ ਤੇ ਜਸਮਾਨੀ ਕਮਜ਼ੋਰੀ ਦਾ ਮੁਕਾਬਲਾ ਕਰਨ ਦੇ ਵਧੇਰੇ ਨਾਕਾਬਲ ਬਣਾ ਦਿੰਦਾ ਹੈ।

ਸਮਾਜਕ ਤਸਖੀਰ ਪੋਲੀਟੀਕਲ ਤਸਖੀਰ ਦਾ ਇਕ ਜ਼ਰੂਰੀ ਅੰਗ ਹੈ। ਕਿਉਂਕਿ ਜਦੋਂ ਤਾਈਂ ਮਾਤੈਹਤ ਕੌਮਦੇ ਮਰਦਾਨਾ ਵਸਫ ਜ਼ਾਇਲ ਨਹੀਂ ਕੀਤੇ ਜਾਂਦੇ, ਉਦੋਂ ਤਾਈਂ ਰਾਜਸੀ ਜਿੱਤ ਕਾਇਮ ਨਹੀਂ ਰੈਹ ਸਕਦੀ, ਜੇ ਕੋਈ ਹਾਰੀ ਹੋਈ ਕੌਮ ਪਰਾਈ ਹਕੂਮਤ ਹੇਠਾਂ ਆਪਣੇ ਸਵਮਾਨ ਤੇ ਸ਼ਾਨ ਦੇ ਜਜ਼ਬੇ ਨੂੰ ਸਦੀਆਂ ਤੱਕ ਜੀਉਂਦਾ ਰੱਖ ਸਕੇ ਤਾਂ ਯਕੀਨ ਸਮਝੋ ਕਿ ਉਹ ਕੌਮ ਕਿਸੇ ਦਿਨ ਆਪਣੇ ਪੈਦਾਇਸ਼ੀ ਹੱਕ ਆਜ਼ਾਦੀ ਨੂੰ ਹਾਸਲ ਕਰ ਲਵੇਗੀ, ਕਦੇ ਨਾ ਕਦੇ ਹਿੱਮਤ ਵਾਲੀ ਕੌਮ ਦੇ ਆਜ਼ਾਦ ਦਿਲ ਤੇ ਦਮਾਗ ਆਪਣੇ ਪਰੱਕਿਰਤੀ ਰੂਪ ਤੇ ਨਸ਼ਾਨਾਂ ਦੀ ਭਾਲ ਕਰਨਗੇ ਤੇ ਇਸ ਕੌਮੀ ਹਕੂਮਤ ਦੀ ਸ਼ਕਲ ਵਿਚ ਆਪਣੇ ਅਸਲੀ ਰੂਪ ਨੂੰ ਆਲਮਿ ਹਸਤੀ ਵਿਚ ਲੈ ਔਣਗੇ।

